ISSN 0972-2335

# ਅੰਮ੍ਰਿਤ ਕੀਰਤਨ

## 2024

## ਨਵੇਂ ਸਾਲ ਦੀਆਂ ਵਧਾਈਆਂ

ਗੂਜਰੀ ਮਹਲਾ ੫ ॥
goojaree mehalaa 5 ||
Goojaree, Fifth Mehl:
ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥
jis simarath sabh kilavikh naasehi pitharee hoe oudhhaaro ||
Remembering Him, all sins are erased, and ones generations are saved.
ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ ॥੧॥
so har har thumh sadh hee jaapahu jaa kaa a(n)th n paaro ||1||
So meditate continually on the Lord, Har, Har; He has no end or limitation. ||1||
ਪੂਤਾ ਮਾਤਾ ਕੀ ਆਸੀਸ ॥
poothaa maathaa kee aasees ||
O son, this is your mother s hope and prayer,
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ ॥
nimakh n bisaro thumh ko har har sadhaa bhajahu jagadhees ||1|| rehaao ||
that you may never forget the Lord, Har, Har, even for an instant. May you ever vibrate upon the Lord of the Universe. ||1||Pause||
ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ ॥
sathigur thumh ko hoe dhaeiaalaa sa(n)thasa(n)g thaeree preeth ||
May the True Guru be kind to you, and may you love the Society of the Saints.
ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥੨॥
kaaparr path paramaesar raakhee bhojan keerathan neeth ||2||
May the preservation of your honor by the Transcendent Lord be your clothes, and may the singing of His Praises be your food. ||2||
ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥
a(n)mrith peevahu sadhaa chir jeevahu har simarath anadh ana(n)thaa ||
So drink in forever the Ambrosial Nectar; may you live long, and may the meditative remembrance of the Lord give you infinite delight.
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ ॥੩॥
ra(n)g thamaasaa pooran aasaa kabehi n bi¿apai chi(n)thaa ||3||
May joy and pleasure be yours; may your hopes be fulfilled, and may you never be troubled by worries. ||3||
ਭਵਰੁ ਤੁਮ੍ਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥
bhavar thumhaaraa eihu man hovo har charanaa hohu koulaa ||
Let this mind of yours be the bumble bee, and let the Lord s feet be the lotus flower.
ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥੪॥੩॥੪॥
naanak dhaas oun sa(n)g lapattaaeiou jio boo(n)dhehi chaathrik moulaa ||4||3||4||
Says servant Nanak, attach your mind to them, and blossom forth like the song-bird, upon finding the rain-drop. ||4||3||4||

ਸੰਪਾਦਕ
ਡਾ. ਜਾਗੀਰ ਸਿੰਘ

ਜਨਵਰੀ 2024

ਮੁੱਲ 15/-



## ਚਾਰ ਅੱਖਰੀ ਮਿਲਾਪ

ਜ਼ਰਾ ਦਿਲ ਦੇ ਨਾਲ ਵਿਚਾਰ ਕਰਨਾ,
ਚਾਰ ਮਜ਼ਹਬਾਂ ਦੇ ਚਾਰੇ ਜ਼ਮਾਨਿਆਂ ਨੂੰ ।

ਕੁਦਰਤ ਆਪਣਾ ਖੇਲ ਰਚਾ ਰਹੀ ਏ,
ਦੇਖ ਚਾਰ ਪੈਗ਼ੰਬਰਾਂ ਦਾਨਿਆਂ ਨੂੰ ।

ਇਧਰ ਜਾਪਦੇ ਕ੍ਰਿਸ਼ਨ ਦੇ ਚਾਰ ਅੱਖਰ,
ਕਾਫ਼, ਸੀਨ ਤੇ ਨੂੰਨ, ਰੇ ਮਾਨਿਆਂ ਨੂੰ ।

ਅੱਖਰ ਚਾਰ ਹੀ ਨਾਨਕ ਦੇ ਜਾਪਦੇ ਨੇ,
ਅਲਫ਼, ਨੂੰਨ ਦੋ, ਕਾਫ਼ ਨਿਸ਼ਾਨਿਆਂ ਨੂੰ ।

ਅੱਖਰ ਚਾਰ ਮੁਹੰਮਦ, ਦੋ ਮੀਮ, ਹੇ, ਦਾਲ,
ਅਤੇ ਚਾਰ ਹੀ ਈਸਾ ਦੇ ਜਾਪਦੇ ਨੇ ।

ਅੱਖਰ ਚਾਰ ਮੁਹੱਬਤ ਪਿਆਰ ਦੇ ਨੇ,
ਅਤੇ ਦਿਸਦੇ ਚਾਰ ਮਿਲਾਪ ਦੇ ਨੇ ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ;eNo 15-J, uvhrV 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਚਾਰ ਅੱਖਰੀ ਮਿਲਾਪ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਆਪਣੇ ਮਾਤਾ ਜੀ ਨੂੰ ਯਾਦ ਕਰਦਿਆਂ 2

ਭਾਈ ਵੀਰ ਸਿੰਘ ਦੀ ਵਿਲੱਖਣਤਾ
ਹਰਭਜਨ ਸਿੰਘ ਰਤਨ 5

ਮਹਾਨ ਸੰਗੀਤਕਾਰ, ਸ਼ਾਸਤਰਕਾਰ, ਸੰਗ੍ਰਿਹਕਰਤਾ,
ਸੰਗੀਤ ਸੁਧਾਰਕ ਅਤੇ ਪ੍ਰਚਾਰਕ
ਪੰਡਿਤ ਵਿਸ਼ਣੂ ਦਿਗੰਬਰ ਪਲੁਸਕਰ 11

ਰਾਗ ਰਤਨ ਸੰਗਤ ਅਰਪਣ
ਗੁਰਭਜਨ ਸਿੰਘ ਗਿੱਲ(ਪ੍ਰੋ:) 13

ਹਰ ਪਲ ਕਾਇਮ ਰਹੇ
ਜੀਵਨ ਦੀ ਅਨਮੋਲਤਾ ਦਾ ਅਹਿਸਾਸ!
ਡਾ.ਚਮਕੌਰ ਸਿੰਘ 15

Kirtan in Sikhism: An Exploration
Dr. Jasbir Singh Sarna 18

ਤਿੰਨ ਤਾਲ: ਕਾਇਦਾ ਸੀਰੀਜ਼
ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ 19


Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਰਉ ਬੇਨੰਤੀਆ

## ਆਪਣੇ ਮਾਤਾ ਜੀ ਨੂੰ ਯਾਦ ਕਰਦਿਆਂ

ਸਾਡੇ ਮਾਤਾ ਜੀ 14 ਸਾਲ ਪਹਿਲਾਂ ਜਨਵਰੀ ਮਹੀਨੇ ਵਿੱਚ ਅਕਾਲ ਚਲਾਣਾ ਕਰ ਗਏ ਸਨ। ਅੱਜਕਲ੍ਹ ਉਹ ਮੈਨੂੰ ਆਨੇ ਬਹਾਨੇ ਯਾਦ ਆ ਜਾਂਦੇ ਹਨ। ਮੈਨੂੰ ਹੋਰ ਕੁਝ ਨਹੀਂ ਸੁਝਿਆ ਤਾਂ ਮੈਂ ਉਹਨਾਂ ਦੀ ਯਾਦ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਹਿਜ ਪਾਠ ਅਰੰਭ ਕਰ ਲਿਆ। ਇਸ ਪਿੱਛੇ ਮਨੋਰਥ ਆਪਣੇ ਆਪ ਨੂੰ ਧਰਵਾਸ ਦੇਣ ਦਾ ਹੀ ਸੀ। ਉਹਨਾਂ ਲਈ ਇਸ ਤੋਂ ਬਿਨਾ ਹੋਰ ਕਰ ਵੀ ਕੀ ਸਕਦੇ ਹਾਂ। ਉਹਨਾਂ ਦੇ ਦੇਹਾਂਤ ਸਮੇਂ ਮੈਂ ਇੱਕ ਐਡੀਟੋਰੀਅਲ ਰਾਹੀਂ ਉਹਨਾਂ ਨੂੰ ਸ਼ਰਧਾਂਜਲੀ ਦੇਣ ਦੀ ਕੋਸ਼ਿਸ਼ ਕੀਤੀ ਸੀ। ------
ਪੂਤਾ ਮਾਤਾ ਕੀ ਆਸੀਸ (ਫਰਵਰੀ 2009)

ਸਾਡੇ ਮਾਤਾ ਜੀ ਸਰਦਾਰਨੀ ਚਰਨ ਕੌਰ ਸੁਪਤਨੀ ਭਾਈ ਉੱਤਮ ਸਿੰਘ 'ਪਤੰਗ' ਮਿਤੀ 13-1-2009 ਨੂੰ ਅਕਾਲ ਚਲਾਣਾ ਕਰ ਗਏ। ਉਹ ਮੇਰੇ ਛੋਟੇ ਵੀਰ ਡਾ ਬਚਿੱਤਰ ਸਿੰਘ ਕੋਲ ਸਰਹਿੰਦ ਰਹਿੰਦੇ ਸਨ। ਅਸਲ ਵਿੱਚ ਉਹ ਮਾਨਸਿਕ ਤੌਰ ਤੇ ਫਤਹਿਗੜ ਸਾਹਿਬ ਰਹਿੰਦੇ ਸਨ।

1947 ਵਿੱਚ ਪਾਕਿਸਤਾਨ ਪਿੰਡ ਗੋਬਿੰਦਪੁਰਾ ਤਹਿਸੀਲ ਫਾਲੀਆ ਜ਼ਿਲ੍ਹਾ ਗੁਜਰਾਤ ਤੋਂ ਇਧਰ ਆਏ ਤਾਂ 1965 ਤਕ ਭਟਕਣ ਵਿਚ ਹੀ ਰਹੇ। ਪਹਿਲਾਂ ਅੰਬਾਲੇ ਕੋਲ ਪਿੰਡ ਜਨਸੂਹੀ,ਫਿਰ ਸ਼ੰਭੂ ਕੋਲ ਪਿੰਡ ਬਪਰੌਰ, ਫਿਰ ਲੋਹਾਖੇੜੀ, ਫਿਰ ਅੰਬਾਲਾ ਸ਼ਹਿਰ,ਫਿਰ ਯੂ ਪੀ ਬਿਲਾਸ ਪੁਰ, ਮਾਠਖੇੜਾ, ਫਿਰ ਆਨੰਦ ਪੁਰ ਸਾਹਿਬ, ਫਿਰ ਪਟਿਆਲੇ ਤੇ ਸ੍ਰੀ ਫਤਹਿਗੜ੍ਹ ਸਾਹਿਬ। ਸ੍ਰੀ ਫਤਹਿਗੜ੍ਹ ਸਾਹਿਬ ਜਿਵੇਂ ਉਹਨਾਂ ਦਾ ਨਿਜ ਘਰ ਬਣ ਗਿਆ।

ਜਦੋਂ ਇਸ ਕਾਲ ਚੱਕਰ ਵੱਲ ਨਜ਼ਰ ਮਾਰਦਾ ਹਾਂ ਤਾਂ ਇਸ ਵਿੱਚ ਮੈਨੂੰ ਆਪਣੇ ਭਾਪਾ (ਪਿਤਾ) ਜੀ ਜਾਂ ਹੋਰ ਬਜ਼ੁਰਗਾਂ ਦੀ ਕੋਈ ਚੇਤੰਨ ਕਾਰਵਾਈ ਨਜ਼ਰ ਨਹੀਂ ਆਉਂਦੀ ਸਗੋਂ 'ਜਹਾਂ ਦਾਣੇ ਤਹਾਂ ਖਾਣੇ' ਦਾ ਹੁਕਮ ਵਿਆਪ ਰਿਹਾ ਮਹਿਸੂਸ ਹੁੰਦਾ ਹੈ।

ਮੇਰੇ ਮਾਤਾ ਜੀ ਬਹੁਤ ਸਰਲ ਸਧਾਰਨ ਇਸਤਰੀ ਸਨ, ਇਹੀ ਉਹਨਾਂ ਦੀ ਵਿਸ਼ੇਸ਼ਤਾ ਸੀ। ਉਹਨਾਂ ਦੇ ਪਿਤਾ ਜੀ ਅਰਥਾਤ ਮੇਰੇ ਨਾਨਾ ਜੀ ਤਾਂ 1947 ਵਿੱਚ ਜਨੂਨੀਆਂ ਰਾਹੀਂ ਸ਼ਹੀਦ ਕਰ ਦਿੱਤੇ ਗਏ ਸਨ। ਉਹ ਕੂਕਿਆਂ ਨਾਲ ਸਬੰਧਿਤ ਸਨ, ਪਰ ਮੇਰੇ ਮਾਮੇ ਕੂਕਿਆਂ ਵਾਲੀ ਰਹਿਤ ਮਰਯਾਦਾ ਨਹੀਂ ਸੀ ਰੱਖਦੇ। ਕਦੀ ਕਦੀ ਚਾਰ ਮਾਮਿਆਂ (ਸਰਦਾਰ ਸਿੰਘ, ਕਰਤਾਰ ਸਿੰਘ, ਦਰਸ਼ਨ ਸਿੰਘ ਅਤੇ ਮਹਿੰਦਰ ਸਿੰਘ) ਵਿੱਚੋਂ ਛੋਟੇ ਮਾਮੇ ਮਹਿੰਦਰ ਸਿੰਘ ਨੂੰ ਨਿਹੰਗ ਬਾਣੇ ਵਿੱਚ ਜ਼ਰੂਰ ਦੇਖਿਆ ਹੈ। ਮਾਮਾ ਦਰਸ਼ਨ ਸਿੰਘ ਇੱਕ ਸਿਆਣਾ ਅਤੇ ਸੁਲਝਿਆ ਹੋਇਆ ਪਾਠੀ ਹੈ।

ਮੇਰੇ ਮਾਤਾ ਜੀ ਨੇ ਆਪਣੇ ਆਪ ਨੂੰ ਸਾਡੇ ਪਿਤਾ ਜੀ ਭਾਈ ਉੱਤਮ ਸਿੰਘ 'ਪਤੰਗ' ਅੱਗੇ ਜਿਵੇਂ ਪੂਰੀ ਤਰ੍ਹਾਂ ਸਮਰਪਿਤ ਕੀਤਾ ਹੋਇਆ ਸੀ। ਉਹ ਉਹਨਾਂ ਦਾ ਆਦਰ ਪਤੀ ਵਜੋਂ ਤਾਂ ਕਰਦੇ ਹੀ ਸਨ ਪਰ ਸੇਵਾ ਉਹ ਉਹਨਾਂ ਨੂੰ ਕੀਰਤਨੀਆ ਜਾਣ ਕੇ ਕਰਦੇ ਸਨ। ਭਾਪਾ ਜੀ ਨੇ 35-36 ਸਾਲ ਗੁਰੂ ਦਰਬਾਰ ਵਿੱਚ ਕੀਰਤਨ ਦੀ ਸੇਵਾ ਕੀਤੀ ਤੇ ਮਾਤਾ ਜੀ ਨੇ ਉਹਨਾਂ ਦੀ ਸੇਵਾ ਕੀਤੀ।

1995 ਵਿਚ ਪਿਤਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਮਾਤਾ ਜੀ ਬਹੁਤੇ ਅੰਤਰਮੁਖੀ ਹੋ ਗਏ ਸਨ। ਉਹ ਭਾਪਾ ਜੀ ਵਾਲੇ ਕਮਰੇ ਵਿਚ ਹੀ ਬਹੁਤਾ ਰਹਿੰਦੇ ਤੇ ਉਥੇ ਹੀ ਜਾਪ ਕਰਦੇ ਰਹਿੰਦੇ ਸਨ। ਰੋਜ਼ ਸ਼ਾਮ ਨੂੰ ਸਰਹਿੰਦ ਮੰਡੀ ਤੋਂ ਆਟੋ ਰਿਕਸ਼ਾ ਲੈ ਕੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਜਾ ਕੇ ਕਥਾ ਸੁਣਨਾ ਉਹਨਾਂ ਦਾ

ਨਿੱਤ ਨੇਮ ਸੀ। ਭਾਈ ਜਸਵਿੰਦਰ ਸਿੰਘ ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ ਜਦੋਂ ਫਤਹਿਗੜ੍ਹ ਸਾਹਿਬ ਹੁੰਦੇ ਸਨ ਤਾਂ ਮਾਤਾ ਜੀ ਉਹਨਾਂ ਦੀ ਕਥਾ ਵਿਸ਼ੇਸ਼ ਤੌਰ ਤੇ ਪਸੰਦ ਕਰਦੇ ਸਨ। ਹੁਣ ਦੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਹਰਪਾਲ ਸਿੰਘ ਜੀ ਨਾਲ ਵੀ ਉਹਨਾਂ ਦਾ ਪਿਆਰ ਸੀ।

ਮਾਤਾ ਜੀ ਨੂੰ ਹੁਣ ਗੋਡਿਆਂ ਦੀ ਕਾਫੀ ਤਕਲੀਫ ਸੀ ਪਰ ਇਸ ਤਕਲੀਫ ਕਾਰਨ ਉਹਨਾਂ ਨੇ ਫਤਹਿਗੜ੍ਹ ਸਾਹਿਬ ਜਾਣਾ ਬੰਦ ਨਹੀਂ ਕੀਤਾ। ਉਹਨਾਂ ਨੇ ਭਰਪੂਰ ਜੀਵਨ ਜੀਵਿਆ। ਦੁੱਖਾਂ ਅਤੇ ਸੁੱਖਾਂ ਨਾਲ ਭਰਪੂਰ ਜੀਵਨ, ਗਰੀਬੀ ਵੀ ਅਤਿ ਦੀ ਦੇਖੀ। ਪਰ ਆਪਣੇ ਸਵੈਮਾਣ ਨੂੰ ਹਮੇਸ਼ਾ ਕਾਇਮ ਰੱਖਿਆ। ਹਰ ਕਿਸੇ ਨੂੰ ਕੁਝ ਨਾ ਕੁਝ ਦਿੰਦੇ ਹੀ ਰਹੇ।

ਸਾਨੂੰ ਤਿੰਨਾਂ ਭਰਾਵਾਂ (ਡਾ. ਜਾਗੀਰ ਸਿੰਘ, ਡਾ. ਬਚਿੱਤਰ ਸਿੰਘ, ਡਾ. ਗੁਰਨਾਮ ਸਿੰਘ) ਨੂੰ ਕੀਰਤਨ ਕਰਨ ਲਈ ਪ੍ਰੇਰਦੇ ਰਹਿੰਦੇ ਸਨ। ਉਹਨਾਂ ਦੀ ਇਹ ਅਸੀਸ ਸਦਾ ਸਾਡੇ ਅੰਗ ਸੰਗ ਰਹੇ, ਇਹੀ ਅਰਦਾਸ ਹੈ----------- ਜਾਗੀਰ ਸਿੰਘ

ਮੇਰੇ ਇਸ ਐਡੀਟੋਰੀਅਲ ਨੂੰ ਪੜ੍ਹ ਕੇ ਉੱਚ ਹਸਤੀਆਂ ਨੇ ਜੋ ਸੁਨੇਹੇ ਭੇਜੇ ਉਹ ਮੇਰੇ ਲਈ ਬੜੇ ਮੁੱਲਵਾਨ ਹਨ। ਨਵੀਂ ਦਿੱਲੀ ਤੋਂ ਆਦਰ ਯੋਗ ਵਿਦਵਾਨ ਬਜ਼ੁਰਗ ਕੀਰਤਨੀਏ ਭਾਈ ਗੁਰਚਰਨ ਸਿੰਘ ਹੋਰਾਂ ਨੇ ਲਿਖਿਆ ---ਮੈਂ ਫਰਵਰੀ ਦੇ 'ਅੰਮ੍ਰਿਤ ਕੀਰਤਨ' ਆਪ ਜੀ ਦੇ ਮਾਤਾ ਸਰਦਾਰਨੀ ਚਰਨ ਕੌਰ ਜੀ ਦੇ ਅਕਾਲ ਚਲਾਣੇ ਦੀ ਖਬਰ ਪੜ੍ਹੀ। ਮਾਵਾਂ ਠੰਡੀਆਂ ਛਾਵਾਂ ਹੁੰਦੀਆਂ ਹਨ। ਬੱਚਿਆਂ ਨੂੰ ਸਦਾ ਹੀ ਉਸ ਠੰਡੀ ਛਾਂ ਦਾ ਆਨੰਦ ਮਾਣਨ ਦੀ ਇੱਛਾ ਰਹਿੰਦੀ ਹੈ। ਪਰ ਅਕਾਲ ਪੁਰਖ ਦਾ ਭਾਣਾ ਅਮੇਟ ਹੈ। ਆਪ ਜੀ ਤਿੰਨਾਂ ਵੀਰਾਂ ਨੇ ਰੱਜ ਕੇ ਮਾਂ ਦੀ ਠੰਡੀ ਛਾਂ ਦਾ ਆਨੰਦ ਮਾਣਿਆ ਹੈ। ਮੈਂ ਐਸੀ ਮਾਤਾ ਨੂੰ ਅਨੇਕ ਬਾਰ ਡੰਡੌਤ ਕਰਦਾ ਹਾਂ, ਜਿਸ ਨੇ ਆਪ ਜੈਸੇ, ਡਾ ਗੁਰਨਾਮ ਸਿੰਘ ਅਤੇ ਡਾ ਬਚਿੱਤਰ ਸਿੰਘ ਜੀ ਜੈਸੇ ਗੁਰਮੁਖ ਤੇ ਵਿਦਵਾਨ ਸਪੁੱਤਰਾਂ ਨੂੰ ਜਨਮ ਦਿੱਤਾ ਹੈ। ਐਸੀ ਮਾਤਾ ਜੀ ਦੀ ਪਵਿੱਤਰ ਆਤਮਾ ਦਾ ਸੱਚ ਖੰਡ ਸਾਹਿਬ ਗੁਰੂ ਨਾਨਕ ਦੇਵ ਦੇ ਚਰਨਾਂ ਵਿੱਚ ਪਹੁੰਚਣ ਬਾਰੇ ਮੈਨੂੰ ਕੋਈ ਸੰਸਾ ਨਹੀਂ ਮੇਰੀ ਹਾਰਦਿਕ ਅਰਦਾਸ ਹੈ ਕਿ ਆਪ ਤਿੰਨਾਂ ਵੀਰਾਂ ਨੂੰ ਗੁਰੂ ਪੰਥ ਦੀ ਨਿੱਗਰ ਸੇਵਾ ਕਰਨ ਲਈ ਲੰਬੀਆਂ ਉਮਰਾਂ ਤੇ ਚੰਗੀਆਂ ਸਿਹਤਾਂ ਬਖਸ਼ੀ ਰੱਖੇ। (ਮਾਰਚ 2009)

ਮੇਰੇ ਸਨੇਹੀ ਡਾਕਟਰ ਰਾਜਿੰਦਰ ਸਿੰਘ ਕੈਨੇਡਾ ਵਾਲਿਆਂ ਨੇ ਲਿਖਿਆ---

Mataji Charan Kaur, pre-deceased by her husband, Bhai Uttam Singh ji a few years back, was the head of a renowned gurmukh family, the family has resided in the Sirhind area for the past many years. I was indeed a privilege to attend Mataji's antim ardas. Antim ardas is an important occasion, wherein the combined spiritual energy of the assembled sangat prays for (a) peace for the departed Soul and (b) devine grace of forbearance for the family to help them accept the Lord's will. Moreover, every individual in the sangat gains spiritually, as recitation of the gurbani strikes home the reality and the inevitability of death. It is an opportunity for the individual to change his present self propagting life style to a meaningful Guru oriented way of life. Upon reaching the venue, the Gurudwara Singh Sabha hall, I found out that the Kirtan was to be performed by none other than Dr.Jagir Singh, one of Mataji's three sons. This was an added bonus. It is difficult for me to explain, but those who have listened to Dr. Sahib Sing gurbani in his unique style will know what I mean. His composition use minimum of notes to produce maximum effect. The

Shabad is recited in a low medium it is distinctly audible and recognizable. In short, Dr.Sahib's Kirtan endears the shabad to one's heart and soul. Today was a special occasion for Dr. Sahib, and the Sangat listens with pin-drop silence. Starting with and ending with the guru's message portrayed the inevitability of death, the immortability of the atma and its eventual union with the creater. Also that most of us have missed out and have not been able to establish any bond with the Akal Purukh in this lifetime. The Kirtan was followed by enlogies highlighting Mataji's attributes and a few anecdotes from her life. The larg Sangat then joined in the Ardas followed by the Hukamnama, and finally the langer. (Dr. Rajinder Singh) Canada

ਮੇਰੇ ਆਦਰਯੋਗ ਸਹਿਕਰਮੀ ਮਿੱਤਰ ਡਾਕਟਰ ਕਰਨੈਲ ਸਿੰਘ ਸੋਮਲ ਵੱਲੋਂ ਆਇਆ ਪੱਤਰ ਮੈਂ ਕਈ ਵਾਰ ਪੜ੍ਹ ਚੁੱਕਾ ਹਾਂ।

-------ਫਰਵਰੀ 2009 ਦੇ 'ਅੰਮ੍ਰਿਤ ਕੀਰਤਨ' ਕਰਉ ਬੇਨੰਤੀਆ ਵਾਲਾ ਪੰਨਾ ਪੜ੍ਹ ਕੇ ਹਟਿਆ ਹਾਂ। ਫਿਰ ਖਿਆਲਾਂ ਅਤੇ ਵਿਚਾਰਾਂ ਦੇ ਵਹਾਅ ਵਿੱਚ ਵਹਿਣ ਲੱਗ ਪਿਆ। ਤੁਹਾਡੇ ਲਿਖੇ ਸ਼ਬਦਾਂ ਵਿਚ ਇਕ ਪਾਸੇ ਮਾਤਾ ਜੀ ਦੀ ਮਨੋਹਰ ਸ਼ਖਸੀਅਤ ਪ੍ਰਕਾਸ਼ਮਾਨ ਹੋਈ ਹੈ ਦੂਜੇ ਪਾਸੇ ਸਿੱਖੀ ਸਪਿਰਟ ਦੇ ਨਾਲ ਲਬਰੇਜ਼ ਤੁਹਾਡਾ ਵਿਅਕਤੀਤਵ ਉਜਾਗਰ ਹੋਇਆ ਹੈ। ਕਿਸੇ ਸਪੁੱਤਰ ਵੱਲੋਂ ਆਪਣੇ ਮਾਤਾ ਜੀ ਲਈ ਐਸੀ ਢੁੱਕਵੀਂ ਸ਼ਰਧਾਂਜਲੀ ਮੈਂ ਪਹਿਲਾਂ ਕਦੇ ਨਾ ਕਿਤੇ ਪੜ੍ਹੀ ਤੇ ਨਾ ਸੁਣੀ ਹੈ।

ਮਾਤਾ ਜੀ ਇਸ ਲੇਖੇ ਬੜੇ ਸੁਭਾਗੇ ਰਹੇ ਜਿਨ੍ਹਾਂ ਨੇ ਤਾਉਮਰ ਪਰਿਵਾਰਕ ਰਿਸ਼ਤਿਆਂ ਦੀ ਗਰਿਮਾ ਨੂੰ ਬਰਕਰਾਰ ਰੱਖਿਆ। ਫਿਰ ਆਪਣੇ ਸਪੁੱਤਰਾਂ ਨੂੰ ਐਸੇ ਸੰਸਕਾਰ ਦਿੱਤੇ ਕਿ ਉਹ ਜਿਸ ਖੇਤਰ ਵਿੱਚ ਵੀ ਪਏ ਬੁਲੰਦੀਆਂ ਨੂੰ ਛੁਹਿਆ। ਉੱਚ ਵਿਦਿਆ,ਕਿੱਤਿਆਂ ਵਿੱਚ ਸਫਲਤਾ ਤੇ ਸ਼ੁਹਰਤ

--ਸਾਰਾ ਪਰਿਵਾਰ ਹਰਮਨ ਪਿਆਰਾ। ਮੈਂ ਜਦੋਂ ਤੁਹਾਡੀ ਸਪੁੱਤਰੀ ਅਤੇ ਸਪੁੱਤਰ ਵੱਲ ਧਿਆਨ ਕਰਦਾ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਮਾਤਾ ਜੀ ਦੀ ਤੀਜੀ ਪੀੜ੍ਹੀ ਵੀ ਉਚੇ ਮਾਨਵੀ ਗੁਣਾਂ ਨਾਲ ਵਰੋਸਾਈ ਹੋਈ ਹੈ।

ਜੱਗ ਤੋਂ ਤਾਂ ਸਭ ਨੇ ਆਖਿਰ ਤੁਰ ਹੀ ਜਾਣਾ ਹੈ ਪਰ ਮਾਤਾ ਜੀ ਵਾਂਗ ਪਿਛੋਕੜ ਵਿਚ ਰਹਿ ਕੇ ਪਤੀ ਅਤੇ ਪੁੱਤਰਾਂ ਲਈ ਅਮਿਤ ਸ਼ਕਤੀ ਦਾ ਸੋਮਾਂ ਬਣਨਾ, ਨਿਮਰਤਾ ਵਿਚ ਰਹਿਣਾ ਅਤੇ ਆਖਰੀ ਸਵਾਸਾਂ ਤੱਕ ਗੁਰੂ ਅਤੇ ਬਾਣੀ ਨਾਲ ਜੁੜੇ ਰਹਿਣਾ ਮਹਿਮਾਮਈ ਹੈ। ਮੈਂ ਉਹਨਾਂ ਦੇ ਦਰਸ਼ਨ ਇਕ ਦੋ ਵਾਰ ਕੀਤੇ ਹਨ ਅਤੇ ਉਹ ਸੀਤਲ ਪ੍ਰਭਾਵ ਮੈਂ ਹੁਣ ਵੀ ਅਨੁਭਵ ਕਰਦਾ ਹਾਂ।

ਅਜਿਹੀ ਸ਼ਖਸੀਅਤ ਦੀ ਜੀਵਨ ਯਾਤਰਾ ਸੰਪੂਰਨ ਹੋਈ ਕਹਿਣੀ ਬਣਦੀ ਹੈ। ਕੋਈ ਮਾਤਾ ਆਪਣੀ ਔਲਾਦ ਤੋਂ ਕਦੇ ਵਿਛੜਦੀ ਨਹੀਂ ਹੈ, ਸਾਥੋਂ ਸਰੀਰਕ ਤੌਰ 'ਤੇ ਵਿਛੜ ਕੇ ਵੀ ਸਾਡੇ ਰੋਮ ਰੋਮ ਵਿਚ ਸਵਾਸ ਸਵਾਸ ਵਿਚ ਮਾਂ ਜੀਉਂਦੀ ਹੈ। ਸਾਡੇ ਅੰਗ ਸੰਗ ਰਹਿੰਦੀਆਂ ਮਾਵਾਂ ਸਾਨੂੰ ਹਰ ਔਖ ਸੌਖ ਵਿਚ ਸਾਨੂੰ ਸਹਾਰਾ ਦਿੰਦੀਆਂ ਹਨ।

ਅਸੀਂ ਵੀ ਦੁਆ ਕਰਦੇ ਹਾਂ ਕਿ ਮਾਤਾ ਜੀ ਦੀ ਆਸੀਸ ਸਦਕਾ ਤੁਸੀਂ ਸਦਾ ਚੜ੍ਹਦੀਆਂ ਕਲਾ ਵਿਚ ਰਹੋ ਅਤੇ ਤੁਹਾਡੇ ਲਿਖੇ ਅਤੇ ਉਚਰੇ ਹਰ ਸ਼ਬਦ ਨਾਲ ਹੋਰਨਾਂ ਨੂੰ ਵੀ ਸਹਾਰਾ ਅਤੇ ਸਾਤਵਨਾ ਮਿਲੇ।

ਕਰਨੈਲ ਸਿੰਘ ਸੋਮਲ 337, ਫੇਜ਼ 6 ਮੋਹਾਲੀ।

ਜਨਵਰੀ ਦਾ ਮਹੀਨਾ ਮਾਤਾ ਜੀ ਦੀ ਯਾਦ ਨੂੰ ਤਾਜ਼ਾ ਕਰਦਾ ਹੈ। ਇਸ ਲਈ ਇਸ ਮਹੀਨੇ ਉਹਨਾਂ ਨੂੰ ਇੰਜ ਸ਼ਰਧਾਂਜਲੀ ਦੇਣ ਨੂੰ ਮਨ ਕੀਤਾ।

**ਭੁੱਲ ਚੁੱਕ ਖਿਮਾ**

# ਭਾਈ ਵੀਰ ਸਿੰਘ ਦੀ ਵਿਲੱਖਣਤਾ

**ਹਰਭਜਨ ਸਿੰਘ ਰਤਨ**

ਭਾਈ ਵੀਰ ਸਿੰਘ ਜੀ ਨਾਲ ਸੰਬੰਧਤ ਇਕ ਘਟਨਾ ਮੇਰੇ ਜੀਵਨ ਵਿਚ ਐਸੀ ਹੋਈ, ਜੋ ਮੈਂ ਕਦੇ ਨਹੀਂ ਭੁੱਲ ਸਕਿਆ, ਤੇ ਭਾਈ ਵੀਰ ਸਿੰਘ ਜੀ ਦੀ ਸ਼ਖ਼ਸੀਅਤ ਦਾ ਇਕ ਅਨੋਖਾ ਪਹਿਲੂ ਸਾਹਮਣੇ ਲਿਆਂਦੀ ਹੈ। ਉਨ੍ਹਾਂ ਦੀ ਸ਼ਖ਼ਸੀਅਤ ਦਾ ਇਹ ਪੱਖ ਆਮ ਲੋਕਾਂ ਪਾਸੋਂ ਲੁਕਿਆ ਹੋਇਆ ਹੈ, ਕਿਉਂਕਿ ਆਮ ਪਾਠਕ ਉਨ੍ਹਾਂ ਦੀਆਂ ਰਚਨਾਵਾਂ ਤੇ ਪੁਸਤਕਾਂ ਹੀ ਪੜ੍ਹਦਾ ਰਿਹਾ ਹੈ। ਉਨ੍ਹਾਂ ਦੇ ਨਿੱਜੀ-ਜੀਵਨ ਬਾਰੇ ਬਹੁਤ ਘਟ ਲੋਕਾਂ ਨੂੰ ਪਤਾ ਹੈ।

ਮੇਰੇ ਬਾਬਾ ਸੁਰਗਵਾਸੀ ਭਾਈ ਸਾਹਿਬ ਬੁਧ ਸਿੰਘ ਜੀ ਅਤੇ ਮੇਰੇ ਪਿਤਾ ਜੀ ਭਾਈ ਪ੍ਰਧਾਨ ਸਿੰਘ ਜੀ, ਜੋ ਪੰਥ ਦੇ ਪ੍ਰਸਿੱਧ ਕੀਰਤਨੀਏ ਸਨ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਮੁੱਢਲੇ ਨਿਰਮਾਣ ਸੇਵਕਾਂ ਵਿਚੋਂ ਸਨ, ਭਾਈ ਵੀਰ ਸਿੰਘ ਜੀ ਦੇ ਬਹੁਤ ਨਜ਼ਦੀਕ ਸਨ। ਉਨ੍ਹਾਂ ਦੇ ਜਥੇ ਦਾ ਨਾਮ ਸੁਧ ਸਿੰਘ ਪ੍ਰਧਾਨ ਸਿੰਘ ਸੀ। ਭਾਈ ਸੁਧ ਸਿੰਘ ਜੀ, ਮੇਰੇ ਪਿਤਾ ਭਾਈ ਪ੍ਰਧਾਨ ਸਿੰਘ ਜੀ ਦੇ ਸਕੇ ਚਾਚੇ ਸਨ ਤੇ ਮੇਰੇ ਦਾਦਾ ਜੀ ਦੇ ਛੋਟੇ ਭਰਾ। ਮੇਰਾ ਜਨਮ 13 ਫ਼ਰਵਰੀ, 1921 ਦਾ ਹੈ। ਮੈਂ ਅਜੇ ਇਕ ਹਫ਼ਤੇ ਦਾ ਹੀ ਸਾਂ, ਕਿ ਸ੍ਰੀ ਨਨਕਾਣਾ ਸਾਹਿਬ ਦਾ ਦਰਦਨਾਕ ਸਾਕਾ ਹੋਇਆ, ਜਿਸ ਦੀ ਖ਼ਬਰ ਸੁਣਦੇ ਸਾਰ ਹੀ ਮੇਰੇ ਬਾਬਾ ਜੀ ਤੇ ਪਿਤਾ ਜੀ ਰਾਤੋ ਰਾਤ ਸ੍ਰਗੋਧੇ ਤੋਂ ਨਨਕਾਣਾ ਸਾਹਿਬ ਪੁੱਜ ਗਏ। ਹੋਰ ਸੰਗਤ ਦੇ ਨਾਲ ਉਨ੍ਹਾਂ ਸ਼ਹੀਦਾਂ ਦੀਆਂ ਲਾਸ਼ਾਂ ਦੇ ਟੁਕੜੇ 'ਕੱਠੇ ਕੀਤੇ ਤੇ ਸੰਸਕਾਰ ਕੀਤਾ। ਕੁਝ ਮਹੀਨਿਆਂ ਬਾਅਦ ਸ੍ਰਗੋਧਾ ਖ਼ਾਲਸਾ ਹਾਈ ਸਕੂਲ ਲਈ ਉਗਰਾਹੀ ਕਰਨ ਲਈ ਉਹ ਜਥਾ ਲੈ ਕੇ ਬਰਮਾ ਚਲੇ ਗਏ। ਬਰਮਾ ਉਹ ਕਿੰਨਾ ਹਾਲਾਤ ਵਿਚ ਗਏ, ਉੱਥੇ ਕੀ ਹਾਲਾਤ ਵਾਪਰ ਤੇ ਕਿਵੇਂ ਵਾਪਸ ਗਏ, ਇਹ ਇਕ ਵੱਖਰਾ ਮਜ਼ਮੂਨ ਹੈ।

ਜਦੋਂ ਉਹ ਬਰਮਾ ਸਨ ਤੇ ਉੱਥੇ ਉਨ੍ਹਾਂ ਨੇ ਭਾਈ ਵੀਰ ਸਿੰਘ ਜੀ ਦੀਆਂ ਕੁਝ ਰਚਨਾਵਾਂ ਪੜ੍ਹੀਆਂ। 'ਖ਼ਾਲਸਾ ਸਮਾਚਾਰ' ਉੱਥੇ ਕਿਸੇ ਸਜਣ ਪਾਸ ਜਾਂਦਾ ਸੀ, ਉਸ ਵਿਚ ਵੀ ਭਾਈ ਵੀਰ ਸਿੰਘ ਜੀ ਦੇ ਲੇਖ ਪੜ੍ਹੇ ਅਤੇ ਉਨ੍ਹਾਂ ਦਿਨਾਂ ਵਿਚ ਛਪੀ ਭਾਈ ਵੀਰ ਸਿੰਘ ਜੀ ਦੀ ਪੁਸਤਕ ਰਾਣਾ ਸੂਰਤ ਸਿੰਘ ਵੀ ਪੜ੍ਹੀ ਤੇ ਬੜੇ ਪ੍ਰਭਾਵਤ ਹੋਏ। ਕਿਉਂਕਿ ਓਦੋਂ ਕਿਸੇ ਪੁਸਤਕ ਤੇ ਭਾਈ ਵੀਰ ਸਿੰਘ ਜੀ ਆਪਣਾ ਨਾਮ ਨਹੀਂ ਸਨ ਲਿਖਦੇ, ਕੇਵਲ ਇਤਨਾ ਹੀ ਲਿਖ ਦੇਂਦੇ ਸਨ 'ਕਰਤਾ ਸੁੰਦਰੀ' ਜਾਂ 'ਕਰਤਾ ਸਤਵੰਤ ਕੌਰ' ਆਦਿ ਤਾਂ ਮੇਰੇ ਬਾਬਾ ਜੀ ਤੇ ਪਿਤਾ ਜੀ ਦੇ ਦਿਲ ਵਿਚ ਬੜੀ ਉਤਸੁਕਤਾ ਜਾਗੀ ਕਿ ਪਤਾ ਕਰੀਏ ਇਹ ਲਿਖਣ ਵਾਲਾ ਕੌਣ ਸ਼ਖ਼ਸ ਹੈ। ਉਸ ਦੇ ਦਰਸ਼ਨ ਕਰੀਏ। ਜਦੋਂ ਆਪ ਇਕ ਸਾਲ ਬਰਮਾ ਵਿਚ ਲਗਾ ਕੇ ਵਾਪਸ ਭਾਰਤ ਪਰਤੇ ਤਾਂ ਪਹਿਲਾਂ ਸ੍ਰੀ ਅੰਮ੍ਰਿਤਸਰ ਗਏ। ਚੀਫ਼ ਖ਼ਾਲਸਾ ਦੀਵਾਨ ਦੇ ਯਤੀਮਖ਼ਾਨੇ ਵਿਚ ਮੈਨੇਜਰ ਪਾਸ ਗਏ ਜੋ ਉਨ੍ਹਾਂ ਦਾ ਮਿੱਤਰ ਸੀ ਤੇ ਪੁੱਛਿਆ ਕਿ ਰਾਣਾ ਸੂਰਤ ਸਿੰਘ ਦਾ ਕਰਤਾ ਕੌਣ ਹੈ। ਉਹ ਹੱਸ ਕੇ ਕਹਿਣ ਲੱਗਾ, ''ਮੈਂ ਉਸ ਹਸਤੀ ਦਾ ਨਾਮ ਨਹੀਂ ਲੈਂਦਾ, ਉਹ ਹੁਣੇ ਸ਼ਾਇਦ ਇਥੇ ਆ ਜਾਣ ਤੇ ਤੁਹਾਨੂੰ ਦਰਸ਼ਨ ਹੋ ਜਾਣ, ਕਿਉਂਕਿ ਉਹ ਯਤੀਮ ਬੱਚਿਆਂ ਦੀ ਖ਼ਬਰ ਸੁਰਤ ਲੈਣ ਅਕਸਰ ਇਥੇ ਚੱਕਰ ਲਗਾਉਂਦੇ ਹਨ।''

ਉਨ੍ਹਾਂ ਨੂੰ ਇਹ ਗੱਲ ਕੀਤਿਆਂ ਅਜੇ ਕੁਝ ਮਿੰਟ ਹੀ ਹੋਏ ਸਨ, ਕਿ ਭਾਈ ਵੀਰ ਸਿੰਘ ਜੀ, ਜੁਆਨ ਅਵਸਥਾ, ਕਾਲਾ ਖੁੱਲ੍ਹਾ ਦਾੜ੍ਹਾ, ਸਫ਼ੈਦ ਪਗ, ਸਫ਼ੈਦ ਕਮੀਜ਼ ਤੇ ਸਫ਼ੈਦ ਖੁੱਲ੍ਹਾ ਪਜਾਮਾ ਪਾਈ, ਆਪ ਸਾਈਕਲ ਚਲਾਉਂਦੇ, ਉੱਥੇ ਪੁੱਜ ਗਏ। ਮੈਨੇਜਰ ਸਾਹਿਬ ਨੇ ਉਨ੍ਹਾਂ ਨੂੰ ਆਉਂਦਿਆਂ ਤਕ ਕੇ ਕਿਹਾ, 'ਭਾਈ ਸੁਧ ਸਿੰਘ ਜੀ, ਜਿਸ ਹਸਤੀ ਦੇ ਤੁਸੀਂ ਦਰਸ਼ਨ ਕਰਨਾ ਚਾਹੁੰਦੇ ਸੋ, ਔਹ ਸਾਈਕਲ 'ਤੇ ਆ ਰਹੇ ਜੇ।'' ਮੇਰੇ ਬਾਬਾ ਜੀ ਤੇ ਪਿਤਾ ਜੀ ਨੇ ਭਾਈ ਵੀਰ ਸਿੰਘ ਜੀ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਫ਼ਤਿਹ ਬੁਲਾਈ ਤੇ ਅੱਗੋਂ ਫ਼ਤਿਹ ਦਾ ਜਵਾਬ ਦੇ ਕੇ ਭਾਈ ਵੀਰ ਸਿੰਘ ਨੇ ਪੁੱਛਿਆ, 'ਸੁਣਾਓ ਭਾਈ ਸੁਧ ਸਿੰਘ ਜੀ , ਬਰਮਾ ਨੂੰ ਤਾਰ ਆਏ ਹੋ ਜਾਂ ਡੋਬ ਆਏ ਹੋ?'' ਉਨ੍ਹਾਂ ਦੇ ਮੂੰਹੋਂ ਇਹ ਗੱਲ ਸੁਣ ਕੇ ਭਾਈ ਸੁਧ ਸਿੰਘ ਜੀ ਹੈਰਾਨ ਹੋ ਗਏ ਕਿ 'ਇਨ੍ਹਾਂ ਨੂੰ ਮੇਰਾ ਨਾਂ ਕਿਸ ਤਰ੍ਹਾਂ ਪਤਾ ਲੱਗ ਗਿਆ, ਮੈਂ ਤਾਂ ਇਨ੍ਹਾਂ ਨੂੰ ਪਹਿਲੀ ਵਾਰ ਮਿਲ ਰਿਹਾ ਹਾਂ'', ਪਰ ਸ਼ਾਇਦ ਭਾਈ ਵੀਰ ਸਿੰਘ ਜੀ ਸਭ ਪੰਥਕ ਸਰਗਰਮੀਆਂ ਤੋਂ ਆਪਣੇ ਆਪ ਨੂੰ ਜਾਣੂ ਰੱਖਦੇ ਸਨ, ਕਿਉਂਕਿ ਉਹ ਪੰਥ ਦੇ ਮਹਾਨ ਸੇਵਕ ਹੋਣ ਤੋਂ ਇਲਾਵਾ ਖ਼ਾਲਸਾ ਸਮਾਚਾਰ ਦੇ ਐਡੀਟਰ ਵੀ ਸਨ, ਇਸ ਲਈ ਸ਼ਾਇਦ ਉਹ ਇਸ ਜਥੇ ਦੇ ਚੀਨ ਤੇ ਬਰਮਾ ਜਾਣ ਬਾਰੇ ਸੁਣ ਚੁੱਕੇ ਸਨ। ਖ਼ੈਰ ਇਹ ਸੀ ਮੇਰੇ ਵੱਡਿਆਂ ਦੀ ਭਾਈ ਵੀਰ ਸਿੰਘ ਜੀ ਨਾਲ ਪਹਿਲੀ ਮੁਲਾਕਾਤ।

ਇਸ ਪਿੱਛੋਂ ਉਨ੍ਹਾਂ ਦਾ ਆਪਸੀ ਪਿਆਰ ਵਧਦਾ ਗਿਆ ਤੇ ਉਹ ਬਹੁਤ ਨਿਕੱਟ ਵਰਤੀ ਹੋ ਗਏ। ਮੇਰੇ ਪਿਤਾ ਜੀ ਰਾਗ ਵਿੱਦਿਆ ਦੇ ਬਹੁਤ ਸਿਆਣੇ ਸਨ। ਇਸ ਲਈ ਭਾਈ ਵੀਰ ਸਿੰਘ ਜੀ ਜਦੋਂ ਕੋਈ ਨਵਾਂ ਗੀਤ ਲਿਖਦੇ ਤਾਂ ਉਹਦੀ ਤਰਜ਼ ਬਣਾਉਣ ਲਈ, ਮੇਰੇ ਪਿਤਾ ਜੀ ਨੂੰ ਕਹਿੰਦੇ। ਇਹ ਗੀਤ ਗੁਰਪੁਰਬਾਂ ਦੇ ਮੌਕੇ ਤੇ ਖ਼ਾਲਸਾ ਟਰੈਕਟ ਸੁਸਾਇਟੀ ਦੇ

ਟਰੈਕਟਾਂ ਵਿਚ ਛਪਦੇ ਸਨ। ਭਾਈ ਵੀਰ ਸਿੰਘ ਜੀ ਨੂੰ ਆਪ ਵੀ ਰਾਗ ਦੀ ਬੜੀ ਸੂਝ ਸੀ, ਇਸ ਲਈ ਉਹ ਕਈ ਵਾਰੀ ਮੇਰੇ ਪਿਤਾ ਜੀ ਨੂੰ ਕਹਿੰਦੇ ਕਿ ਇਸ ਗੀਤ ਲਈ ਇਹ ਰਾਗ ਠੀਕ ਰਹੇਗਾ। ਕਈ ਵਾਰੀ ਉਹ ਮੇਰੇ ਪਿਤਾ ਜੀ ਦੀ ਬਣਾਈ ਤਰਜ਼ ਵਿਚ ਕੋਈ ਤਬਦੀਲੀ ਕਰਨ ਲਈ ਸੁਝਾ ਦੇਂਦੇ ਤੇ ਕਈ ਵਾਰ ਆਪਣੇ ਛੋਟੇ ਭਰਾ ਡਾ. ਬਲਬੀਰ ਸਿੰਘ ਜੀ ਨੂੰ ਵੀ ਤਰਜ਼ ਸੁਣਵਾ ਕੇ ਉਨ੍ਹਾਂ ਦੀ ਰਾਏ ਲੈਂਦੇ।

ਇਹ ਸਾਰਾ ਪਿਛੋਕੜ ਦੱਸਣ ਤੋਂ ਮੇਰਾ ਭਾਵ ਕੇਵਲ ਇਤਨਾ ਹੈ ਕਿ ਮੇਰਾ ਪਰਵਾਰ ਭਾਈ ਵੀਰ ਸਿੰਘ ਜੀ ਦੇ ਬਹੁਤ ਨਿਕਟ ਸੀ। ਮੇਰੇ ਪਿਤਾ ਜੀ ਘਰ ਵਿਚ ਸਾਨੂੰ ਭਾਈ ਵੀਰ ਸਿੰਘ ਜੀ ਦੇ ਜੀਵਨ ਦੀਆਂ ਬਹੁਤ ਸਾਰੀਆਂ ਗੱਲਾਂ ਦੱਸਦੇ ਰਹਿੰਦੇ ਸਨ ਤੇ ਮੈਂ ਬਚਪਨ ਤੋਂ ਹੀ ਭਾਈ ਸਾਹਿਬ ਦੀ ਸ਼ਖ਼ਸੀਅਤ ਤੋਂ ਬੜਾ ਪ੍ਰਭਾਵਤ ਸਾਂ। ਸਾਡੇ ਘਰ ਵਿਚ ਉਨ੍ਹਾਂ ਦਾ ਨਾਂ ਲੈ ਕੇ ਬੋਲਣਾ ਬੇਅਦਬੀ ਸਮਝਿਆ ਜਾਂਦਾ ਸੀ ਤੇ ਉਨ੍ਹਾਂ ਲਈ ਸਤਿਕਾਰ ਨਾਲ 'ਮਹਾਰਾਜ ਪਿਤਾ ਜੀ' ਦਾ ਸ਼ਬਦ ਵਰਤਿਆ ਜਾਂਦਾ ਸੀ। ਮੈਂ ਬਚਪਨ ਵਿਚ ਕਈ ਵਾਰ ਆਪਣੇ ਬਾਬਾ ਜੀ ਤੇ ਪਿਤਾ ਜੀ ਨਾਲ ਭਾਈ ਸਾਹਿਬ ਦੀ ਕੋਠੀ ਲਾਰੰਸ ਰੋਡ ਵਿਖੇ ਗਿਆ ਤੇ ਉਨ੍ਹਾਂ ਦੇ ਦਰਸ਼ਨ ਕਰਦਾ ਰਿਹਾ। ਪਰ ਉਨ੍ਹਾਂ ਨਾਲ ਗਲ ਕਰਨ ਦਾ ਕਦੇ ਮੌਕਾ ਨਹੀਂ ਸੀ ਮਿਲਿਆ।

1944-45 ਦੀ ਗਲ ਹੈ। ਭਾਈ ਸਾਹਿਬ ਦੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਟਰੈਕਟ ਲਈ ਇਕ ਗੀਤ ਲਿਖਿਆ। "ਧੰਨ ਗੁਰੂ ਨਾਨਕ ਤੂੰ, ਧੰਨ ਤੂੰ ਦਾਤਾ ਤੂੰ" ਗੀਤ ਬੜਾ ਸੁੰਦਰ, ਗੁਹੜੇ ਰਹੱਸ ਵਾਲਾ ਤੇ ਸੋਹਣੀ ਸ਼ਬਦਾਵਲੀ ਵਾਲਾ ਸੀ, ਜਿਸ ਦੀ ਤਰਜ਼ ਮੇਰੇ ਪਿਤਾ ਜੀ ਨੇ ਬਣਾਈ, ਸੰਗਤਾਂ ਵਿਚ ਗਾਈ ਤੇ ਬੜੀ ਪਸੰਦ ਕੀਤੀ ਗਈ। ਮੈਂ ਉਨ੍ਹਾਂ ਦਿਨਾਂ ਵਿਚ ਹਿਜ਼ ਮਾਸਟਰਜ਼ ਵਾਇਸ ਗ੍ਰਾਮੋਫੋਨ ਕੰਪਨੀ ਦਾ ਆਰਟਿਸਟ ਬਣ ਚੁੱਕਾ ਸਾਂ। ਪਹਿਲਾਂ ਪਹਿਲਾਂ ਮੈਂ ਮੁਲਤਾਨੀ ਕਾਫ਼ੀਆਂ ਦੇ ਰੀਕਾਰਡ ਭਰੇ। ਉਨ੍ਹਾਂ ਪਿਛੋਂ ਫਿਲਮੀ ਤਰਜ਼ਾਂ ਤੇ ਧਾਰਮਕ ਗੀਤਾਂ ਦੇ ਰੀਕਾਰਡ ਭਰੇ। ਉਨ੍ਹਾਂ ਦਿਨਾਂ ਵਿਚ ਪੰਜਾਬੀ ਦੀ ਫਿਲਮ ਮੰਗਤੀ ਬੜੀ ਮਸ਼ਹੂਰ ਹੋਈ ਸੀ। ਉਸਦੀਆਂ ਤਰਜ਼ਾਂ ਤੇ ਮੈਂ ਨੰਦ ਲਾਲ ਨੂਰਪੁਰੀ ਤੇ ਬਲਦੇਵ ਚੰਦਰ 'ਬੇਕਲ' ਦੇ ਲਿਖੇ ਧਾਰਮਕ ਗੀਤ ਰੀਕਾਰਡ ਕੀਤੇ। ਮੇਰੇ ਇਹ ਸਾਰੇ ਗੀਤ ਬਹੁਤ ਪਸੰਦ ਕੀਤੇ ਗਏ ਤੇ ਰੀਕਾਰਡ ਬਹੁਤ ਵਿਕੇ ।ਸਰਗੋਧੇ ਵਿਚ ਮੇਰੇ ਵਲੋਂ ਕੀਤੀ ਗਈ ਇਕ ਪੰਜਾਬੀ ਕਾਨਫਰੰਸ ਦੇ ਮੌਕੇ ਤੇ ਮੈਂ ਮੋਹਨ ਸਿੰਘ ਦਾ ਇਹ ਗੀਤ ਗਾਇਆ "ਆਏ ਨੈਣਾਂ ਦੇ ਵਣਜਾਰੇ" ਜੋ ਬਹੁਤ ਪਸੰਦ ਕੀਤਾ ਗਿਆ ਤੇ ਮੈਂ ਇਸਨੂੰ ਰੀਕਾਰਡ ਕਰਾਣ ਦਾ ਮਨ ਬਣਾਇਆ। ਧਾਰਮਕ ਸਟੇਜ ਤੇ ਮੇਰੀ ਗੁਡੀ ਚੜ੍ਹਦੀ ਜਾ ਰਹੀ ਸੀ । ਮੈਂ ਭਾਈ ਵੀਰ ਸਿੰਘ ਜੀ ਦਾ ਗੁਰੂ ਨਾਨਕ ਵਾਲਾ ਗੀਤ ਆਪਣੇ ਪਿਤਾ ਜੀ ਦੀ ਬਣਾਈ ਤਰਜ਼ ਤੇ ਬਹੁਤ ਗਾਇਆ ਤੇ ਬਹੁਤ ਪ੍ਰਸੰਸਾ ਹੋਈ। ਇਸ ਲਈ ਮੈਂ ਉਸ ਗੀਤ ਨੂੰ ਵੀ ਗ੍ਰਾਮੋਫੋਨ ਰੀਕਾਰਡ ਦਾ ਰੂਪ ਦੇਣ ਦਾ ਫੈਸਲਾ ਕੀਤਾ।

ਉਨ੍ਹਾਂ ਦਿਨਾਂ ਵਿਚ ਗਰਾਮੋਫ਼ੋਨ ਕੰਪਨੀ ਵੱਲੋਂ, ਅੱਜ ਵਾਂਗ ਰਾਇਲਟੀ ਸਿਸਟਮ ਪ੍ਰਚਲਿਤ ਨਹੀਂ ਸੀ। ਲੇਖਕ ਨੂੰ ਵੀ ਤੇ ਗਾਣ ਵਾਲੇ ਨੂੰ ਵੀ ਬਿਲ ਮੁਕਤਾ ਪੈਸੇ ਦੇ ਦਿੱਤੇ ਜਾਂਦੇ ਸਨ ਤੇ ਉਨ੍ਹਾਂ ਦਾ ਰਿਕਾਰਡ ਦੀ ਵਿੱਕਰੀ ਨਾਲ ਕੋਈ ਸੰਬੰਧ ਨਹੀਂ ਸੀ ਹੁੰਦਾ। ਸਸਤਾਈ ਦਾ ਜ਼ਮਾਨਾ ਸੀ ਤੇ ਰੁਪਏ ਦੀ ਕੀਮਤ ਕਾਫ਼ੀ ਸੀ। ਕਣਕ ਦੋ ਢਾਈ ਰੁਪਏ ਮਣ ਸੀ, ਘਿਉ ਤੇ ਸ਼ਹਿਦ ਚਾਰ-ਪੰਜ ਰੁਪਏ ਸੇਰ ਮਿਲਦੇ ਸਨ। ਕੱਪੜਾ ਢਾਈ ਆਨੇ ਪੰਜ ਆਨੇ ਗਜ਼ ਸੀ। ਦੋ ਘੋੜਿਆਂ ਦੀ ਬੋਸਕੀ ਛੇ ਆਨੇ ਗਜ਼ ਸੀ ਅਤੇ ਸੋਨਾ 20-25 ਰੁਪਏ ਤੋਲਾ ਸੀ। ਗਊ ਦੀ ਕੀਮਤ 40-50 ਰੁਪਏ ਹੁੰਦੀ ਸੀ ਤੇ ਮੱਝ 100 ਰੁਪਏ ਦੀ ਸੀ, ਪੋਸਟ ਕਾਰਡ ਦੋ ਪੈਸੇ ਦਾ। ਲਿਫ਼ਾਫ਼ਾ ਚਾਰ ਪੈਸੇ ਦਾ, ਦੁੱਧ ਛੇ ਪੈਸੇ ਸੇਰ ਤੇ ਸਿਨਮੇ ਦੀ ਟਿਕਟ ਢਾਈ ਆਨੇ, ਪੰਜ ਆਨੇ ਤੇ ਦਸ ਆਨੇ ਹੁੰਦੀ ਸੀ। ਛਿਹਰਟਾ ਅੰਮ੍ਰਿਤਸਰ ਵਿਚ ਇਕ ਗਰਾਮੋਫ਼ੋਨ ਕੰਪਨੀ ਬਣੀ ਸੀ, ਜਿਹਦੇ ਰਿਕਾਰਡ ਦੀ ਕੀਮਤ ਪੰਜ ਆਨੇ ਸੀ। ਕਈ ਰੇਹੜੀਆਂ ਵਾਲੇ, ਰੇਹੜੀਆਂ ਉੱਤੇ ਵੱਡੇ ਧੂਤੂ ਵਾਲਾ ਗਰਾਮੋਫ਼ੋਨ ਰੱਖ ਕੇ ਪੰਜ-ਪੰਜ ਆਨੇ ਦਾ ਰਿਕਾਰਡ ਵੇਚਦੇ ਸਨ ਅਤੇ ਪਹਿਲਾਂ ਗਰਾਮੋਫ਼ੋਨ ਤੇ ਵਜਾ ਕੇ ਗਾਹਕ ਨੂੰ ਸੁਣਾਉਂਦੇ ਸਨ। ਸੋ ਕੁਦਰਤੀ ਗੱਲ ਸੀ ਕਿ ਗਰਾਮੋਫ਼ੋਨ ਕੰਪਨੀ ਵਾਲੇ ਵੀ ਲੇਖਕ ਅਤੇ ਗਾਇਕ ਨੂੰ ਬਹੁਤ ਥੋੜ੍ਹੇ ਪੈਸੇ ਦੇਂਦੇ ਸਨ, ਜੋ ਉਸ ਵੇਲੇ ਦੇ ਹਿਸਾਬ ਅਨੁਸਾਰ ਵੱਡੀ ਰਕਮ ਮੰਨੀ ਜਾਂਦੀ ਸੀ। ਲੇਖਕ ਨੂੰ ਫ਼ੀ ਗੀਤ ਪੰਜ ਰੁਪਏ ਮਿਲਦੇ ਸਨ ਤੇ ਗਾਦ ਵਾਲੇ ਨੂੰ ਪੱਚੀ ਰੁਪਏ। ਰਿਕਾਰਡ ਦੇ ਦੋਹਾਂ ਪਾਸਿਆਂ ਲਈ ਲੇਖਕ ਦਸ ਰੁਪਏ ਤੇ ਗਾਣ ਵਾਲਾ ਪੰਜਾਹ ਰੁਪਏ ਲੈਂਦਾ ਸੀ। ਉਨ੍ਹਾਂ ਦਿਨਾਂ ਵਿਚ ਸਭ ਤੋਂ ਵੱਧ ਗੀਤ ਫ਼ੀਰੋਜ਼ਦੀਨ 'ਸ਼ਰਫ਼' ਦੇ ਰਿਕਾਰਡ ਹੁੰਦੇ ਸਨ ਤੇ ਉਹਨੂੰ ਹਰ ਗੀਤ ਦੇ ਪੰਜ ਰੁਪਏ ਮਿਲਦੇ ਸਨ। ਨੰਦ ਲਾਲ ਨੂਰਪੁਰੀ ਤੇ ਬਲਦੇਵ ਚੰਦਰ ਬੇਕਲ ਨੂੰ ਵੀ ਏਨੇ ਹੀ ਰੁਪਏ ਮਿਲਦੇ ਸਨ। ਗਰਾਮੋਫ਼ੋਨ ਕੰਪਨੀ ਵਾਲਿਆਂ ਨੇ ਮੈਨੂੰ ਕਿਹਾ ਕਿ ਜੇ ਮੈਂ ਭਾਈ ਵੀਰ ਸਿੰਘ ਜੀ ਤੇ ਪ੍ਰੋ. ਮੋਹਨ ਸਿੰਘ ਦਾ ਇਕ ਇਕ ਗੀਤ ਰਿਕਾਰਡ ਕਰਵਾਉਣਾ ਚਾਹੁੰਦਾ ਹਾਂ ਤਾਂ ਪਹਿਲਾਂ ਕੰਪਨੀ ਦੇ ਕੰਟਰੈਕਟ ਫਾਰਮ ਤੇ ਉਨ੍ਹਾਂ ਪਾਸੋਂ ਦਸਤਖ਼ਤ ਕਰਵਾਵਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਭਾਈ ਵੀਰ ਸਿੰਘ

ਜੀ ਦਾ ਅਸਥਾਨ ਪੰਜਾਬੀ ਸਾਹਿਤ ਵਿਚ ਬਹੁਤ ਉੱਚਾ ਹੈ, ਇਸ ਲਈ ਉਨ੍ਹਾਂ ਨੂੰ ਗੀਤ ਦੇ ਪੰਜ ਰੁਪਏ ਪੇਸ਼ ਕਰਨਾ ਚੰਗੀ ਗੱਲ ਨਹੀਂ ਜਾਪਦੀ। ਰਿਕਾਰਡਿੰਗ ਇੰਚਾਰਜ ਬਾਬੂ ਸੰਤ ਰਾਮ ਨੂੰ ਮੈਂ ਕਿਹਾ ਕਿ ਉਹ ਕੰਪਨੀ ਦੇ ਵੱਡੇ ਦਫ਼ਤਰ ਡਮਡਮ ਕਲਕੱਤਾ ਵਿਚ ਉੱਚ ਅਧਿਕਾਰੀ ਨਾਲ ਗੱਲ ਕਰਕੇ ਭਾਈ ਵੀਰ ਸਿੰਘ ਜੀ ਦੇ ਗੀਤ ਲਈ ਵਧ ਤੋਂ ਵਧ ਫ਼ੀਸ ਪ੍ਰਵਾਨ ਕਰਾਉਣ। ਇਸ ਤਰਾਂ ਭਾਈ ਸਾਹਿਬ ਨੂੰ ਉਸ ਗੀਤ ਦੇ ਵੀਹ ਰੁਪਏ ਭੇਟਾ ਦੇਣ ਦਾ ਫ਼ੈਸਲਾ ਕੀਤਾ ਗਿਆ। ਪ੍ਰੋ. ਮੋਹਨ ਸਿੰਘ ਵਾਲੇ ਫਾਰਮ ਵਿਚ ਪੰਜ ਰੁਪਏ ਅਤੇ ਭਾਈ ਸਾਹਿਬ ਵਾਲੇ ਫਾਰਮ ਵਿਚ ਵੀਹ ਰੁਪਏ ਲਿਖ ਕੇ, ਦੋਵੇਂ ਫਾਰਮ ਮੇਰੇ ਹਵਾਲੇ ਕੀਤੇ ਗਏ ਕਿ ਮੈਂ ਦੋਹਾਂ ਲੇਖਕਾਂ ਪਾਸੋਂ ਇਨ੍ਹਾਂ ’ਤੇ ਉਨ੍ਹਾਂ ਦੀ ਪ੍ਰਵਾਨਗੀ ਦੇ ਦਸਤਖ਼ਤ ਕਰਵਾਵਾਂ, ਕਿਉਂਕਿ ਰਿਕਾਰਡਿੰਗ ਤੋਂ ਪਹਿਲਾਂ ਗੀਤ ਦੇ ਲੇਖਕ ਦੀ ਲਿਖਤੀ ਪ੍ਰਵਾਨਗੀ ਲੈਣੀ ਜ਼ਰੂਰੀ ਸੀ।

ਮੈਂ ਦੋਵੇਂ ਫਾਰਮ ਲੈ ਕੇ ਲਹੌਰ ਤੋਂ ਅੰਮ੍ਰਿਤਸਰ ਗਿਆ। ਪ੍ਰੋ. ਮੋਹਨ ਸਿੰਘ ਜੀ ਉਨ੍ਹਾਂ ਦਿਨਾਂ ਵਿਚ ਕੋਰਟ ਰੋਡ ’ਤੇ ਹਿੰਦ ਪਬਲਿਸ਼ਰ ਦੇ ਨਾਮ ਤੇ ਕਿਤਾਬਾਂ ਦੀ ਦੁਕਾਨ ਕਰਦੇ ਸਨ। ਉੱਪਰਲੀ ਮੰਜ਼ਲ ਵਿਚ ਰਿਹਾਇਸ਼ ਸੀ ਤੇ ’ਪੰਜ ਦਰਿਆ’ ਮਾਸਕ ਪਰਚਾ ਵੀ ਸ਼ੁਰੂ ਕੀਤਾ ਹੋਇਆ ਸੀ। ਜਦ ਮੈਂ ਉਨ੍ਹਾਂ ਨੂੰ ਸਾਰੀ ਗੱਲ ਦੱਸ ਕੇ ਫਾਰਮ ਅੱਗੇ ਰੱਖਿਆ ਤਾਂ ਉਹ ਕਹਿਣ ਲੱਗਾ, ’ਰਤਨ ਜੀ, ਪੰਜ ਰੁਪਏ ਹੈਨ ਤਾਂ ਬਹੁਤ ਘਟ, ਪਰ ਚਲੋ ਤੁਸੀਂ ਇਸ ਦਾ ਗਰਾਮੋਫ਼ੋਨ ਰਿਕਾਰਡ ਬਣਾਉਣ ਦਾ ਉੱਦਮ ਕਰ ਰਹੇ ਹੋ ਤੇ ਮੇਰੇ ਲਈ ਭੀ ਇਸ ਕਿਸਮ ਦਾ ਪਹਿਲਾ ਮੌਕਾ ਹੈ, ਇਸ ਨਾਲ ਲੇਖਕ ਦੀ ਪ੍ਰਸਿੱਧੀ ਕਾਫ਼ੀ ਹੋ ਜਾਂਦੀ ਹੈ। ਮੈਂ ਪ੍ਰਵਾਨ ਕਰ ਹੀ ਲੈਂਦਾ ਹਾਂ’ – ਉਨ੍ਹਾਂ ਨੇ ਫਾਰਮ ’ਤੇ ਦਸਤਖ਼ਤ ਕਰ ਦਿੱਤੇ।

ਫਿਰ ਮੈਂ ਭਾਈ ਵੀਰ ਸਿੰਘ ਜੀ ਨੂੰ ਮਿਲਣ ਲਈ, ਉਨ੍ਹਾਂ ਦੀ ਅਖ਼ਬਾਰ ’ਖ਼ਾਲਸਾ ਸਮਾਚਾਰ’ ਦੇ ਦਫ਼ਤਰ ਵਿਚ ਗਿਆ। ਇਹ ਦਫ਼ਤਰ ਹਾਲ ਬਾਜ਼ਾਰ ਵਿਚ, ਵਜ਼ੀਰ ਹਿੰਦ ਪ੍ਰੈੱਸ ਦੇ ਉੱਪਰ ਹੁੰਦਾ ਸੀ, ਤੇ ਭਾਈ ਸਾਹਿਬ ਰੋਜ਼ ਦੁਪਹਿਰ ਬਾਅਦ ਕੁਝ ਸਮੇਂ ਲਈ ਉੱਥੇ ਆਉਂਦੇ ਹੁੰਦੇ ਸਨ। ਭਾਈ ਇੰਦਰ ਸਿੰਘ ਜੀ ਉਨ੍ਹਾਂ ਦੇ ਮੈਨੇਜਰ ਹੁੰਦੇ ਸਨ। ਮੈਂ ਉਨ੍ਹਾਂ ਤੋਂ ਭਾਈ ਸਾਹਿਬ ਦੇ ਉੱਥੇ ਆਨ ਦਾ ਸਮਾਂ ਪੁੱਛ ਲਿਆ ਸੀ। ਮੈਂ ਪੁੱਜਾ ਤਾਂ ਭਾਈ ਸਾਹਿਬ ਆਏ ਬੈਠੇ ਸਨ ਤੇ ਅੰਦਰਲੇ ਕਮਰੇ ਵਿਚ ਕੰਮ ਕਰ ਰਹੇ ਸਨ। ਭਾਈ ਇੰਦਰ ਸਿੰਘ ਜੀ ਨੇ ਜਾ ਕੇ ਉਨ੍ਹਾਂ ਨੂੰ ਦੱਸਿਆ ਕਿ ’’ਭਾਈ ਪ੍ਰਧਾਨ ਸਿੰਘ ਹੋਰਾਂ ਦਾ ਕਾਕਾ, ਹਰਭਜਨ ਸਿੰਘ ਆਇਆ ਹੈ’’ ਉਨ੍ਹਾਂ ਅੰਦਰ ਭੇਜਣ ਦੀ ਆਗਿਆ ਦੇ ਦਿੱਤੀ। ਮੈਂ ਬੜੇ ਸਹਿਮ, ਅਦਬ ਤੇ ਸਤਿਕਾਰ ਨਾਲ ਅੰਦਰ ਗਿਆ ਤੇ ਸਾਹਮਣੇ ਖੜੋ ਕੇ ਹੱਥ ਜੋੜ ਕੇ ਫ਼ਤਿਹ ਬੁਲਾਈ। ਉਨ੍ਹਾਂ ਨੇ ਆਪਣੀ ਮੇਜ਼ ਦੇ ਸਾਹਮਣੇ ਰੱਖੀ ਕੁਰਸੀ ’ਤੇ ਬੈਠਣ ਦਾ ਇਸ਼ਾਰਾ ਕੀਤਾ ਤੇ ਆਪਣੇ ਹੱਥ ਦੇ ਕਾਗ਼ਜ਼ ਇਕ ਪਾਸੇ ਰੱਖਦੇ ਹੋਏ ਕਹਿਣ ਲੱਗੇ, ’’ਕਾਕਾ ਜੀ ਕਦੋਂ ਆਏ?’’ ਮੇਰੀ ਉਮਰ ਓਦੋਂ 24-25 ਦੇ ਲਗ ਪਗ ਹੋਵੇਗੀ, ਪਰ ਮੈਂ ਉਨ੍ਹਾਂ ਲਈ ਤਾਂ ਕਾਕਾ ਹੀ ਸਾਂ। ਭਾਈ ਸਾਹਿਬ ਹਰ ਇਕ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਬੁਲਾਉਂਦੇ ਸਨ, ਭਾਵੇਂ ਉਹ ਛੋਟਾ ਹੋਵੇ ਭਾਵੇਂ ਵੱਡਾ। ਮੈਂ ਕਿਹਾ, ’’ਜੀ ਪਰਸੋਂ ਸ੍ਰਗੋਧੇ ਤੋਂ ਲਹੌਰ ਆਇਆ ਸਾਂ ਤੇ ਅੱਜ ਸਵੇਰੇ ਲਾਹੌਰ ਤੋਂ ਇਥੇ ਪੁੱਜਾ ਹਾਂ’’ ਮੇਰਾ ਅਨੁਮਾਨ ਸੀ ਕਿ ਭਾਈ ਸਾਹਿਬ ਹੁਣ ਅਗਲੀ ਗਲ ਮੇਰੇ ਪਿਤਾ ਜੀ ਬਾਬਤ ਉਨ੍ਹਾਂ ਦੇ ਸੁੱਖ-ਸਾਂਦ ਤੇ ਹਾਲ ਚਾਲ ਬਾਰੇ ਕਰਨਗੇ। ਮੇਰੇ ਪਿਤਾ ਜੀ ਜਿੱਧਰ ਵੀ ਪ੍ਰਚਾਰ ਤੇ ਕੀਰਤਨ ਲਈ ਪੰਜਾਬ, ਸਿੰਧ, ਬਲੋਚਿਸਤਾਨ ਜਾਂ ਫ਼ਰੰਟੀਅਰ, ਪੋਠੋਹਾਰ ਆਦਿ ਦੇ ਦੌਰਿਆਂ ’ਤੇ ਜਾਂਦੇ ਸਨ, ਉਹ ਭਾਈ ਸਾਹਿਬ ਨੂੰ ਆਪਣਾ ਪ੍ਰੋਗਰਾਮ ਲਿਖਦੇ ਰਹਿੰਦੇ ਸਨ, ਮੇਰੇ ਬਾਬਾ ਜੀ ਕਰੀਬਨ ਹਰ ਹਫ਼ਤੇ ਭਾਈ ਸਾਹਿਬ ਨੂੰ ਚਿੱਠੀ ਪਾ ਦੇਂਦੇ ਸਨ। ਸੋ ਭਾਈ ਸਾਹਿਬ ਨੂੰ ਉਨ੍ਹਾਂ ਬਾਰੇ ਮੈਥੋਂ ਵਧ ਜਾਣਕਾਰੀ ਰਹਿੰਦੀ ਸੀ। ਉਹ ਕਹਿਣ ਲੱਗੇ, ’’ਜਥਾ ਤਾਂ ਅਜੇ ਰਾਵਲਪਿੰਡੀ ਵਲ ਹੀ ਫਿਰਦਾ ਏ ਨਾ?’’ ਮੈਂ ਕਿਹਾ, ’’ਜੀ ਹਾਂ ਹਫ਼ਤੇ ਤੱਕ ਸ੍ਰਗੋਧੇ ਆ ਜਾਣਗੇ’’ ਥੋੜ੍ਹੇ ਸਮੇਂ ਲਈ ਚੁੱਪ ਵਰਤ ਗਈ ਤੇ ਭਾਈ ਸਾਹਿਬ ਮੇਰੇ ਵੱਲ ਵੇਖ ਕੇ ਫਿਰ ਬੋਲੇ, ’’ਕਿਸ ਤਰ੍ਹਾਂ ਆਣ ਹੋਇਆ ਹੈ।’’ ਮੈਂ ਆਪਣੇ ਆਣ ਦਾ ਪ੍ਰਯੋਜਨ ਦਸ ਦਿੱਤਾ। ਭਾਈ ਸਾਹਿਬ ਕਹਿਣ ਲੱਗੇ, ’’ਬਰਖ਼ੁਰਦਾਰ ਤੂੰ ਇਸ ਗੀਤ ਨੂੰ ਕਿਸ ਤਰਜ਼ ’ਤੇ ਗਾਉਂਦਾ ਹੈਂ?’’ ਮੈਂ ਕਿਹਾ, ’’ਜੀ ਜਿਸ ਤਰਜ਼ ’ਤੇ ਮੇਰੇ ਪਿਤਾ ਜੀ ਗੇਂਦਾ ਹਨ’’ ਤੇ ਮੈਂ ਝੱਟ ਅਸਥਾਈ ਗਾ ਕੇ ਸੁਣਾ ਦਿੱਤੀ। ਭਾਈ ਸਾਹਿਬ ਦੇ ਸ਼ਾਂਤ ਚਿਹਰੇ ਤੇ ਪ੍ਰਸੰਨਤਾ ਦੀ ਇਕ ਮੁਸਕਰਾਹਟ ਆਈ ਤੇ ਉਹ ਕਹਿਣ ਲੱਗੇ, ’’ਬਰਖ਼ੁਰਦਾਰ ਇਹ ਤਾਂ ਮੈਨੂੰ ਪਤਾ ਹੈ, ਤੂੰ ਬੜਾ ਸੁਰੀਲਾ ਗਾਉਂਦਾ ਹੈਂ, ਤੇ ਤਰਜ਼ ਵੀ ਠੀਕ ਹੈ, ਪਰ ਇਹ ਤੂੰ ਕਿੰਨੇ ਮਿੰਟ ਵਿਚ ਗਾਵੇਂਗਾ?’’ ਉਨ੍ਹਾਂ ਦਿਨਾਂ ਵਿਚ ਰਿਕਾਰਡ ਦਾ ਇਕ ਪਾਸਾ ਤਿੰਨ ਮਿੰਟ ਦਸ ਸਕਿੰਟ ਵਿਚ ਭਰਿਆ ਜਾਂਦਾ ਸੀ, ਸੋ ਮੈਂ ਉਨ੍ਹਾਂ ਨੂੰ ਦਸ ਦਿੱਤਾ। ਉਹ ਕਹਿਣ ਲੱਗੇ, ’’ਏਨੇ ਘਟ ਸਮੇਂ ਵਿਚ ਗੀਤ ਪੂਰਾ ਹੋ ਜਾਵੇਗਾ?’’ ਮੈਂ ਕਿਹਾ ਜੀ, ’’ਇਕ ਤਾਂ ਲੈਅ ਤੇਜ਼ ਰਖਾਂਗਾ, ਤੇ ਦੂਸਰਾ ਗੀਤ ’ਚੋਂ ਇਕ ਦੋ ਅੰਤਰੇ ਘਟ ਕਰਨੇ ਪੈਣਗੇ।’’

ਭਾਈ ਸਾਹਿਬ ਕਹਿਣ ਲੱਗੇ, ’’ਬੇਟਾ, ਲੈਅ ਏਨੀ ਤੇਜ਼ ਨਹੀਂ ਹੋਣੀ ਚਾਹੀਦੀ ਕਿ ਸ਼ਬਦਾਂ ਦਾ ਪ੍ਰਭਾਵ ਹੀ ਨਾ ਰਹੇ। ਕਵਿਤਾ ਦਾ ਇਕ ਇਕ ਸ਼ਬਦ ਸਰੋਤਿਆਂ ਨੂੰ ਸਪਸ਼ਟ ਲੱਗਣਾ ਚਾਹੀਦਾ ਹੈ, ਨਾਲੇ ਗੀਤ ਵਿਚੋਂ ਕੁਝ ਅੰਤਰੇ ਛੱਡ ਦੇਣ

ਨਾਲ ਉਸ ਦਾ ਤਸਲਸਲ ਟੁੱਟ ਜਾਵੇਗਾ ਤੇ ਪ੍ਰਭਾਵ ਘਟ ਜਾਵੇਗਾ।'' ਮੇਰੇ ਮਨ ਨੇ ਕਿਹਾ ਕਿ ਭਾਈ ਸਾਹਿਬ ਠੀਕ ਫ਼ਰਮਾ ਰਹੇ ਹਨ, ਸੋ ਮੈਂ ਕਿਹਾ, ''ਜੀ ਫਿਰ ਇਸ ਤਰ੍ਹਾਂ ਕਰਦੇ ਹਾਂ ਕਿ ਠੀਕ ਪੂਰੀ ਲੈ ਵਿਚ, ਪੂਰਾ ਗੀਤ ਸਾਰੇ ਦਾ ਸਾਰਾ ਰਿਕਾਰਡ ਦੇ ਦੋਹੀਂ ਪਾਸੇ ਗਾ ਦੇਂਦਾ ਹਾਂ, ਅੱਧਾ ਇਕ ਪਾਸੇ, ਅੱਧਾ ਦੂਜੇ ਪਾਸੇ। ਨਾਲੇ ਆਰਕੈਸਟਰਾ ਵੀ ਤਾਂ ਨਾਲ ਵੱਜਣਾ ਹੁੰਦਾ ਹੈ ਤੇ ਹਰ ਅੰਤਰੇ ਪਿੱਛੋਂ ਗਾਣ ਵਾਲੇ ਨੂੰ ਸਾਹ ਦੀਵਾਨ ਤੇ ਤਰਜ਼ ਦੀ ਖ਼ੂਬਸੂਰਤੀ ਨੂੰ ਵਧਾਣ ਲਈ ਸਾਜ਼ਾਂ ਦਾ ਵੱਜਣਾ ਜ਼ਰੂਰੀ ਵੀ ਹੁੰਦਾ ਹੈ।'' – ਭਾਈ ਸਾਹਿਬ ਨੂੰ ਮੇਰੀ ਇਹ ਤਜਵੀਜ਼ ਪਸੰਦ ਆਈ। ਮੈਂ ਜੇਬ ਵਿਚੋਂ ਫਾਰਮ ਕੱਢ ਕੇ ਭਾਈ ਸਾਹਿਬ ਜੀ ਦੇ ਅੱਗੇ ਰੱਖਦਿਆਂ ਕਿਹਾ, ''ਜੀ ਇਸ ਫਾਰਮ 'ਤੇ ਤੁਹਾਡੀ ਪ੍ਰਵਾਨਗੀ ਤੇ ਆਗਿਆ ਲਈ ਦਸਤਖ਼ਤ ਚਾਹੀਦੇ ਹਨ।'' ਭਾਈ ਸਾਹਿਬ ਨੇ ਉਹ ਫਾਰਮ ਪੜ੍ਹਿਆ। ਉਸ ਵਿਚ ਲੇਖਕ ਲਈ ਫ਼ੀਸ ਵੀਹ ਰੁਪਏ ਦੋ ਲਫ਼ਜ਼ ਵੀ ਟਾਈਪ ਕੀਤੇ ਹੋਏ ਸਨ। ਭਾਈ ਸਾਹਿਬ ਪੜ੍ਹ ਕੇ ਮੁਸਕਰਾਏ ਤੇ ਬੋਲੇ, ''ਬੇਟਾ ਮੈਂ ਗੀਤ ਇਸ ਤਰ੍ਹਾਂ ਵੇਚਦਾ ਨਹੀਂ ਹੁੰਦਾ।'' ਉਨ੍ਹਾਂ ਦੇ ਇਹ ਸ਼ਬਦ ਸੁਣਦੇ ਸਾਰ ਹੀ ਮੇਰੇ ਚਿਹਰੇ 'ਤੇ ਮਾਯੂਸੀ ਦੀ ਲਹਿਰ ਦੌੜ ਗਈ, ਪਰ ਅਗਲੇ ਛਿਣ ਹੀ ਭਾਈ ਸਾਹਿਬ ਬੋਲੇ, ''ਮੈਂ ਇਸ ਗੀਤ ਨੂੰ ਮੁਫ਼ਤ ਰਿਕਾਰਡ ਕਰਨ ਦੀ ਆਗਿਆ ਦੇਂਦਾ ਹਾਂ।'' – ਇਹ ਕਹਿ ਕੇ ਉਨ੍ਹਾਂ ਕਲਮ ਨਾਲ ਵੀਹ ਰੁਪਏ ਦੇ ਅੱਖਰ ਕਟ ਕੇ ਅੰਗਰੇਜ਼ੀ ਵਿਚ ਲਿਖ ਦਿੱਤਾ,''ਮੈਂ ਬਿਨਾਂ ਕਿਸੇ ਮੁਆਵਜ਼ੇ ਦੇ ਖ਼ੁਸ਼ੀ ਨਾਲ ਇਹ ਗੀਤ ਗਰਾਮੋਫ਼ੋਨ ਕੰਪਨੀ ਨੂੰ ਹਰਭਜਨ ਸਿੰਘ 'ਰਤਨ' ਦੀ ਆਵਾਜ਼ ਵਿਚ ਰਿਕਾਰਡ ਕਰਨ ਦੀ ਆਗਿਆ ਦੇਂਦਾ ਹਾਂ'' ਜਦੋਂ ਉਨ੍ਹਾਂ ਨੇ ਇਹ ਲਿਖ ਕੇ ਦਸਤਖ਼ਤ ਕਰਕੇ ਫਾਰਮ ਮੇਰੇ ਹੱਥ ਫੜਾਉਂਦਿਆਂ ਕਿਹਾ, ''ਜਾਓ ਬੇਟਾ, ਸਤਿਗੁਰੂ ਅੰਗ ਸੰਗ ਹੈ'' ਤਾਂ ਖ਼ੁਸ਼ੀ ਨਾਲ ਮੇਰੇ ਪੈਰ ਜ਼ਮੀਨ ਤੋਂ ਗਿੱਠ ਗਿੱਠ ਉੱਚੇ ਹੋ ਗਏ। ਮੈਂ ਹੱਥ ਜੋੜ ਫ਼ਤਿਹ ਬੁਲਾ, ਧੰਨਵਾਦ ਕਰਕੇ, ਜਦੋਂ ਬਾਹਰ ਨਿਕਲਿਆ ਤਾਂ ਮੈਂ ਸਮਝ ਰਿਹਾ ਸਾਂ, ਜਿਵੇਂ ਮੈਂ ਜੀਵਨ ਦਾ ਕੋਈ ਮਹਾਨ ਮਾਰਕਾ ਮਾਰਿਆ ਹੈ। ਗੱਲ ਵੀ ਠੀਕ ਸੀ। ਭਾਈ ਸਾਹਿਬ ਦੇ ਕਿਸੇ ਗੀਤ ਨੂੰ ਗਰਾਮੋਫ਼ੋਨ ਰਿਕਾਰਡ ਬਣਾਉਣ ਦੀ ਪਹਿਲ ਕਰਨ ਦਾ ਸਿਹਰਾ ਮੇਰੇ ਹੀ ਸਿਰ ਬੰਨੇ ਜਾਣ ਦੀ ਸੰਭਾਵਨਾ ਹੋ ਗਈ ਸੀ।

ਮੈਂ ਝੱਟ ਬੱਸ ਫੜੀ ਤੇ ਲਾਹੌਰ ਮਾਲ ਰੋਡ 'ਤੇ ਸ਼ਾਹਦੀਨ ਬਿਲਡਿੰਗ ਵਿਚ ਗਰਾਮੋਫ਼ੋਨ ਕੰਪਨੀ ਦੇ ਦਫ਼ਤਰ ਪੁੱਜਾ। ਬਾਊ ਸੰਤ ਰਾਮ ਜੀ ਨੂੰ ਦੋਵੇਂ ਫਾਰਮ ਦਿੱਤੇ। ਉਹ ਭਾਈ ਸਾਹਿਬ ਦੇ ਫਾਰਮ ਤੇ ਲਿਖੇ ਅੱਖਰ ਪੜ੍ਹ ਕੇ ਹੈਰਾਨ ਹੋ ਗਏ। ਉਨ੍ਹੀਂ ਦਿਨੀਂ ਕਿਸੇ ਲੇਖਕ ਨੂੰ ਵੀਹ ਰੁਪਏ ਪੇਸ਼ ਕਰਨਾ ਬੜੀ ਵੱਡੀ ਗੱਲ ਸੀ ਤੇ ਕੰਪਨੀ ਨੇ ਇਹ ਪੇਸ਼ਕਸ਼ ਕਰਕੇ ਆਪਣਾ ਪਿਛਲਾ ਰਿਕਾਰਡ ਤੋੜ ਦਿੱਤਾ ਸੀ, ਪਰ ਭਾਈ ਸਾਹਿਬ ਜੀ ਨੇ ਵੀ ਆਪਣੇ ਜੀਵਨ ਦੇ ਉੱਚ ਆਦਰਸ਼ਾਂ ਅਨੁਸਾਰ ਆਪਣੀ ਪ੍ਰਤਿਭਾ ਦੀ ਮੋਹਰ ਲਗਾ ਦਿੱਤੀ ਸੀ। ਮੈਨੂੰ ਇੰਜ ਲਗਾ ਜਿਵੇਂ ਭਾਈ ਸਾਹਿਬ ਜੀ ਨੇ ਇੰਗਲੈਂਡ ਦੀ ਇਸ ਵਿਦੇਸ਼ੀ ਕੰਪਨੀ ਦੇ ਬਾਦਸ਼ਾਹ ਉੱਤੇ ਆਪਣਾ ਯੱਕਾ ਰੱਖ ਦਿੱਤਾ ਹੋਵੇ, ਆਮ ਸ਼ਬਦਾਂ ਵਿਚ ਨਹਿਲੇ 'ਤੇ ਦਹਿਲਾ ਲਗ ਗਿਆ ਹੋਵੇ। ਮੈਂ ਬਾਬੂ ਸੰਤ ਰਾਮ ਜੀ ਨੂੰ ਸਾਰੀ ਗੱਲ ਸੁਣਾਈ ਤੇ ਇਹ ਵੀ ਦੱਸਿਆ ਕਿ ਇਹ ਗੀਤ ਦੋਹੀਂ ਪਾਸੀਂ ਪੂਰਾ ਰਿਕਾਰਡ ਹੋਣਾ ਹੈ। ਨਾਲੇ ਅਸਾਂ ਇਹ ਵੀ ਮਹਿਸੂਸ ਕੀਤਾ ਕਿ ਭਾਈ ਸਾਹਿਬ ਵਰਗੀ ਮਹਾਨ ਸ਼ਖ਼ਸੀਅਤ ਦੇ ਗੀਤ ਦੇ ਦੂਜੇ ਪਾਸੇ ਕਿਸੇ ਆਮ ਕਵੀ ਦਾ ਗੀਤਾ ਦੇਣਾ ਸ਼ੋਭਾ ਵੀ ਨਹੀਂ ਦੇਂਦਾ। ਲੇਖਕ ਦਾ ਨਾਮ ਰਿਕਾਰਡ ਦੇ ਉੱਪਰ ਛਾਪਿਆ ਵੀ ਜਾਂਦਾ ਸੀ। ਨਾਲੇ ਦੂਜੇ ਪਾਸੇ ਕਿਸੇ ਹੋਰ ਦਾ ਗੀਤ ਇਸ ਪਾਏ ਦਾ ਵੀ ਨਹੀਂ ਸੀ ਹੋਣਾ। ਸੋ ਇਸੇ ਤਰ੍ਹਾਂ ਕੀਤਾ ਗਿਆ। ਮੈਂ ਦੋਹੀਂ ਪਾਸੀਂ ਅੱਧਾ ਅੱਧਾ ਕਰਕੇ ਉਹ ਗੀਤ ਗਾਇਆ। ਇਕ ਪਾਸੇ ਲਿਖਿਆ ਗਿਆ–''ਧੰਨ ਗੁਰੂ ਨਾਨਕ ਤੂੰ –ਭਾਗ ਪਹਿਲਾ'' ਤੇ ਦੂਜੇ ਪਾਸੇ ਤੇ ਮੇਰਾ ਨਾਮ ਅਤੇ ਲੇਖਕ ਦੇ ਤੌਰ 'ਤੇ ਭਾਈ ਵੀਰ ਸਿੰਘ ਜੀ ਦਾ ਛਾਂ ਛਪਿਆ। ਮੇਰੀ ਛਾਤੀ ਖ਼ੁਸ਼ੀ ਨਾਲ ਚੌੜੀ ਹੋ ਗਈ ਤੇ ਅੱਜ ਵੀ ਜਦੋਂ ਮੈਂ ਇਹ ਗੱਲ ਯਾਦ ਕਰਦਾ ਹਾਂ ਤਾਂ ਮੇਰਾ ਸਿਰ ਫ਼ਖ਼ਰ ਨਾਲ ਉੱਚਾ ਹੋ ਜਾਂਦਾ ਹੈ।

ਭਾਈ ਵੀਰ ਸਿੰਘ ਜੀ ਦੀ ਆਸ਼ੀਰਵਾਦ ਲੈਣ ਦੇ ਦੋ ਹੋਰ ਮੌਕੇ ਮੈਨੂੰ ਯਾਦ ਆਉਂਦੇ ਹਨ। 1946 ਵਿਚ ਸ਼ੇਖ਼ੂਪੁਰਾ ਵਿਚ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਹੋਈ। ਉਹਦੀ ਪ੍ਰਧਾਨਗੀ ਸ੍ਰੀ ਉੱਜਲ ਸਿੰਘ ਜੀ ਨੇ ਕੀਤੀ। ਪੰਡਾਲ ਵਿਚ ਦਸ ਵਜੇ ਤੋਂ ਲੈ ਕੇ ਬਾਅਦ ਦੁਪਹਿਰ ਦੇ ਦੋ ਵਜੇ ਤੱਕ ਰੈਜ਼ੂਲੇਸ਼ਨ ਤੇ ਭਾਸ਼ਣ ਹੀ ਚੱਲ ਰਹੇ ਸਨ। ਜ਼ਰੂਰਤ ਸਮਝੀ ਗਈ ਕਿ ਵਾਤਾਵਰਣ ਨੂੰ ਸੁਆਦਲਾ ਕਰਨ ਲਈ ਕੋਈ ਸ਼ਬਦ, ਗੀਤ ਜਾਂ ਕਵਿਤਾ ਕਰਵਾਈ ਜਾਵੇ। ਮੈਨੂੰ ਗੀਤ ਗਾਣ ਲਈ ਕਿਹਾ ਗਿਆ। ਮੈਂ ਉਦੋਂ ਨਵਾਂ ਨਵਾਂ ਇਕ ਗੀਤ ਲਿਖਿਆ ਸੀ, ''ਨਨਕਾਣੇ ਵਲ ਨੂੰ ਜਾਂਦਿਆਂ ਰਾਹੀਆ ਵੇ, ਮੇਰੇ ਪ੍ਰੀਤਮ ਨੂੰ ਸੰਦੇਸ਼ਾ ਦੇਵੀਂ ਜਾ' ੨੫ ਸਾਲ ਦੀ ਉਮਰ, ਰਸੀਲਾ ਤੇ ਪੁਰਸੋਜ਼ ਗਲ਼ਾ, ਦਰਦਨਾਕ ਗੱਲਾ, ਪ੍ਰਭਾਵਸ਼ਾਲੀ ਅਦਾਇਗੀ, ਸੋਹਣਾ ਮਾਹੌਲ, ਸਿਆਣੇ ਤੇ ਪੜ੍ਹੇ ਲਿਖੇ ਸਰੋਤੇ। ਕੁਦਰਤ ਦੀ ਕਿਰਪਾਲਤਾ ਕਹਿ ਲਓ, ਐਸਾ ਰਸ ਬੱਝਾ ਕਿ ਸਰੋਤੇ ਝੂਮ ਗਏ। ਪੈਸਿਆਂ ਦਾ ਮੀਂਹ ਵੱਸ ਪਿਆ ਤੇ ਜੈਕਾਰਿਆਂ ਦੀ ਗੂੰਜ ਨਾਲ ਪੰਡਾਲ ਗੂੰਜ ਉੱਠਿਆ। ਭਾਈ ਸਾਹਿਬ ਵੀਰ

ਸਿੰਘ ਜੀ ਵੀ ਪੰਡਾਲ ਵਿਚ ਬੈਠੇ ਸਨ। ਉਨ੍ਹਾਂ ਮੈਨੂੰ ਆਪਣੇ ਪਾਸ ਬੁਲਾ ਕੇ ਸ਼ਾਬਾਸ਼ ਦਿੱਤੀ। ਰਾਤ ਨੂੰ ਇਨਾਮੀ ਕਵੀ ਦਰਬਾਰ ਸੀ, ਮੈਨੂੰ ਵੀ ਤਿੰਨ ਜੱਜਾਂ ਵਿਚੋਂ ਇਕ ਜੱਜ ਬਣਾ ਦਿੱਤਾ ਗਿਆ। ਅਗਲੇ ਦਿਨ, ਕਾਨਫ਼ਰੰਸ ਦੇ ਤੀਜੇ ਤੇ ਆਖ਼ਰੀ ਦਿਨ ਭਾਈ ਸਾਹਿਬ ਨੇ ਪ੍ਰਬੰਧਕਾਂ ਨੂੰ ਕਿਹਾ ਕਿ ਕਾਕਾ ਹਰਿਭਜਨ ਸਿੰਘ ਪਾਸੋਂ ਅੱਜ ਫਿਰ ਕਿਸੇ ਵੇਲੇ ਉਹੀ ਗੀਤ ਸੰਗਤਾਂ ਨੂੰ ਸੁਣਵਾ ਦਿੱਤਾ ਜਾਵੇ। ਪਹਿਲੇ ਦਿਲ ਪੰਡਾਲ ਵਿਚ ਜੋ ਲੋਕ ਮੌਜੂਦ ਸਨ ਜਾਂ ਪਹਿਲਾਂ ਉੱਠ ਕੇ ਚਲੇ ਗਏ ਸਨ, ਉਨ੍ਹਾਂ ਨੂੰ ਜਦ ਦੂਜੇ ਲੋਕਾਂ ਨੇ ਦੱਸਿਆ ਕਿ ਕਿਤਨਾ ਸੁੰਦਰ ਗੀਤ ਤੁਸਾਂ ਮਿਸ ਕੀਤਾ ਹੈ, ਤਾਂ ਉਨ੍ਹਾਂ ਵੀ ਪ੍ਰਬੰਧਕਾਂ ਨੂੰ ਇਹ ਗੀਤ ਫਿਰ ਸੁਣਵਾਉਣ ਦੀ ਸੁਣਵਾਈ ਕੀਤੀ। ਮੈਂ ਫਿਰ ਉਹ ਗੀਤ ਸੁਣਾਇਆ, ਜੋ ਬਹੁਤ ਹੀ ਪਸੰਦ ਕੀਤਾ ਗਿਆ। ਇਥੇ ਮੈਂ ਇਹ ਵੀ ਦੱਸ ਦਿਆਂ ਕਿ ਭਾਵੇਂ ਕਲਾਕਾਰ ਦੇ ਤੌਰ ਤੇ ਮੇਰੀ ਪ੍ਰਸਿੱਧਤਾ ਪਹਿਲਾਂ ਹੀ ਚੰਗੀ ਹੋ ਗਈ ਸੀ, ਪਰ ਇਸ ਗੀਤ ਨੇ ਮੇਰਾ ਠੁਕ ਬੰਨ੍ਹ ਦਿੱਤਾ, ਤੇ ਉਸ ਪਿੱਛੋਂ ਮੇਰੀ ਪ੍ਰਤਿਭਾ ਉੱਤੇ ਇਕ ਹੋਰ ਮੋਹਰ ਲਗ ਗਈ।

ਇਕ ਹੋਰ ਵਾਕਿਆ ਦੇਸ਼ ਦੀ ਵੰਡ ਤੋਂ ਬਾਅਦ ਦਾ ਹੈ। ਭਾਈ ਸਾਹਿਬ ਸਾਲ ਵਿਚ ਇਕ ਦੋ ਵਾਰ ਦਿੱਲੀ ਆਉਂਦੇ ਸਨ ਤੇ ਮਲਕ ਸਰ ਤੇਜਾ ਸਿੰਘ ਜੀ ਦੀ ਕੋਠੀ-4, ਭਗਵਾਨ ਦਾਸ ਰੋਡ ’ਤੇ ਠਹਿਰਦੇ ਸਨ। ਦਿਨੇ ਤਾਂ ਉਹ ਆਪਣੇ ਕਮਰੇ ਵਿਚ, ਦਰਵਾਜ਼ੇ ਬੰਦ ਕਰਕੇ ਲਿਖਦੇ ਰਹਿੰਦੇ ਸਨ। ਸ਼ਾਮ ਨੂੰ ਦੋ ਘੰਟੇ ਬਾਹਰ ਬਰਾਂਡੇ ਵਿਚ ਬੈਠ ਕੇ ਆਮ ਲੋਕਾਂ ਨੂੰ ਮਿਲਦੇ ਤੇ ਗੱਲਬਾਤ ਕਰਦੇ ਸਨ। ਇਹ ਇਕ ਕਿਸਮ ਦਾ ਸਤਸੰਗ ਜਿਹਾ ਬਣ ਜਾਂਦਾ ਸੀ। ਕੋਈ ਉਨ੍ਹਾਂ ਨਾਲ ਗੱਲ ਕਰਦਾ, ਕੋਈ ਪ੍ਰਸ਼ਨ ਪੁੱਛ ਕੇ ਆਪਣਾ ਕੋਈ ਸ਼ੰਕਾ ਨਵਿਰਤ ਕਰਦਾ, ਕੋਈ ਸ਼ਬਦ ਸੁਣਾਉਂਦਾ ਤੇ ਕੋਈ ਉਨ੍ਹਾਂ ਦਾ ਗੀਤ ਹੀ ਗਾ ਕੇ ਸੁਣਾਉਂਦਾ। ਉਨ੍ਹਾਂ ਦਿਨਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਤੇ ਉਨ੍ਹਾਂ ਦਾ ਇਕ ਨਵਾਂ ਗੀਤ ਛਪਿਆ ਸੀ।

- ਕਿਉਂ ਮੇਰੇ ਕਲਗੀਆਂ ਵਾਲੇ ਪ੍ਰੀਤਮ, ਕਿਉਂ ਤੁਸੀਂ ਐਡੇ ਸੋਹਣੇ ਹੋ,
  ਦਰਸ਼ਨ ਦੇ ਦਿਲ ਖਸ ਲੈਂਦੇ ਹੋ, ਕਿਉਂ ਐਡੇ ਮਨ ਮੋਹਣੇ ਹੋ।

ਮੈਂ ਇਹ ਗੀਤ ਗਾਣ ਲਈ ਤਿਆਰ ਕੀਤਾ। ਮੈਨੂੰ ਇਹ ਦੱਸਣ ਵਿਚ ਕੋਈ ਸ਼ਰਮ ਨਹੀਂ, ਕਿ ਉਦੋਂ ਇਕ ਨਵੀਂ ਆਈ ਫ਼ਿਲਮ ਦੇ ਇਕ ਗੀਤ ਦੀ ਤਰਜ਼ ਮੈਂ ਤੋੜ ਮਰੋੜ ਕੇ ਕੁਝ ਤਬਦੀਲੀ ਕਰਕੇ, ਆਪਣੀ ਚਤਰਾਈ ਨਾਲ ਇਸ ਗੀਤ ’ਤੇ ਫਿਟ ਕਰ ਲਈ ਸੀ। ਆਪਣੀ ਸਿੰਘਣੀ ਨੂੰ ਵੀ ਪ੍ਰੇਰਨਾ ਦਿੱਤੀ ਕਿ ਉਹ ਮੇਰੇ ਨਾਲ ਇਹ ਗੀਤ ਗਾਵੇ। ਇਕ ਸ਼ਾਮ ਅਸੀਂ ਭਗਵਾਨ ਦਾਸ ਰੋਡ ਤੇ ਗਏ ਤੇ ਸ਼ਾਮ ਨੂੰ ਭਾਈ ਸਾਹਿਬ ਜੀ ਦੀ ਮੌਜੂਦਗੀ ਵਿਚ ਹੋਰ ਸ਼ਰਧਾਲੂਆਂ ਸਾਹਮਣੇ ਜਦੋਂ ਅਸਾਂ ਦੋਹਾਂ ਨੇ ਪੂਰੀ ਮਸਤੀ ਵਿਚ ਲੀਨ ਹੋ ਕੇ ਇੱਕ ਗੀਤ ਗਾਇਆ ਤਾਂ ਸੰਨਾਟਾ ਛਾ ਗਿਆ। ਸਭ ਤੋਂ ਵੱਡੀ ਗੱਲ ਤਾਂ ਇਹ ਸੀ ਕਿ ਭਾਈ ਸਾਹਿਬ ਦਾ ਵਲਵਲੇ ਭਰਪੂਰ ਗੀਤ, ਅਸਾਂ ਦੋਹਾਂ ਨਵੀਂ ਤੇ ਸੁੰਦਰ ਧਾਰਨਾ ਵਿਚ ਦਿਲੋਂ ਖੁੱਭ ਕੇ ਗਾਇਆ। ਵਿਸਮਾਦ ਛਾ ਗਿਆ। ਗੀਤ ਖ਼ਤਮ ਹੋਇਆ। ਥੋੜ੍ਹੀ ਦੇਰ ਮੁਕੰਮਲ ਖ਼ਾਮੋਸ਼ੀ ਛਾਈ ਰਹੀ। ਭਾਈ ਸਾਹਿਬ ਆਪ ਵੀ ਕਿਸੇ ਸੁਆਦ ਵਿਚ ਗੜੂੰਦ ਅੱਖਾਂ ਮੀਟ ਖ਼ਾਮੋਸ਼ ਬੈਠੇ ਰਹੇ ਤੇ ਕੁਝ ਚਿਰ ਬਾਅਦ ਅੱਖਾਂ ਖੋਲ੍ਹ ਕੇ ਮੇਰੇ ਵਲ ਵੇਖ ਕੇ ਅੰਗਰੇਜ਼ੀ ਵਿਚ ਕਿਹਾ, “Blessings my child” ਭਾਵ ’’ਆਸ਼ੀਰਵਾਦ ਮੇਰੇ ਬੱਚੇ’’ ਉਨ੍ਹਾਂ ਦੇ ਉਹ ਅੱਖਰ ਅੱਜ ਤਾਈਂ ਮੇਰੇ ਕੰਨਾਂ ਵਿਚ ਗੂੰਜਦੇ ਹਨ ਤੇ ਮੇਰੀ ਜ਼ਿੰਦਗੀ ਦਾ ਸਰਮਾਇਆ ਹਨ।

ਭਾਈ ਸਾਹਿਬ ਦੇ ਜੀਵਨ ਦੀ ਇਕ ਹੋਰ ਵਿਲੱਖਣਤਾ ਜੋ ਮੈਂ ਵੇਖੀ ਉਹ ਇਹ ਸੀ ਕਿ ਉਹ ਆਪਣੀ ਕੋਠੀ ਵਿਚ ਕੋਈ ਚੀਜ਼ ਮੁਫ਼ਤ ਜਾਂ ਤੋਹਫ਼ੇ ਵਜੋਂ ਸਵੀਕਾਰ ਨਹੀਂ ਸਨ ਕਰਦੇ ਤੇ ਨਾ ਹੀ ਵਰਤਣ ਦੇਂਦੇ ਸਨ। ਉਨ੍ਹਾਂ ਦੇ ਪਿਆਰ ਵਾਲੇ, ਆਪਣੇ ਘਰਾਂ ਵਿਚ ਦੁੱਧ ਮੱਖਣ ਤੋਂ ਖ਼ਾਲਸ ਘਿਉ ਤਿਆਰ ਕਰਕੇ ਉਨ੍ਹਾਂ ਦੀ ਕੋਠੀ ਲੈ ਜਾਂਦੇ ਸਨ, ਪਰ ਉਹ ਕਹਿੰਦੇ ਸਨ ਕਿ ਤੁਸੀਂ ਖ਼ਾਲਸ ਚੀਜ਼ ਸ਼ਰਧਾ ਨਾਲ ਤਿਆਰ ਕਰਕੇ ਲੈ ਆਉਂਦੀ, ਤੁਹਾਡੀ ਕਿਰਪਾਲਤਾ ਹੈ, ਪਰ ਮੈਂ ਇਸ ਨੂੰ ਆਦੀ ਨਹੀਂ ਵਰਤ ਸਕਦਾ, ਬਾਜ਼ਾਰ ਦੇ ਭਾਅ ਕੀਮਤ ਲੈ ਲਓ, ਨਹੀਂ ਤਾਂ ਵਾਪਸ ਲੈ ਜਾਓ। ਕਈ ਬੀਬੀਆਂ ਸ਼ਰਧਾ ਨਾਲ ਪਾਠ ਕਰਕੇ ਦਾਲਾਂ ਤਿਆਰ ਕਰਕੇ ਲੈ ਜਾਂਦੀਆਂ ਸਨ, ਪਰ ਸਭ ਨੂੰ ਕੀਮਤ ਲੈਣੀ ਪੈਂਦੀ ਸੀ। ਇਕ ਵਾਰੀ ਮੇਰੇ ਪਿਤਾ ਜੀ ਨੇ ਤਿੱਲੇਦਾਰ ਜੁੱਤੀ ਪਾਈ ਹੋਈ ਸੀ। ਭਾਈ ਸਾਹਿਬ ਨੇ ਪੁੱਛਿਆ, ’’ਇਹ ਜੁੱਤੀ ਕਿਥੋਂ ਲਈ ਜੇ?’’ ਮੇਰੇ ਪਿਤਾ ਜੀ ਨੇ ਦੱਸਿਆ, ’’ਜੀ ਸਾਡੇ ਪਿੰਡ ਹੀ ਬਣਦੀਆਂ ਹਨ।’’ ਮੇਰੇ ਪਿਤਾ ਜੀ ਚੁੱਪ ਕਰਕੇ ਅੰਦਰ ਭਾਈ ਸਾਹਿਬ ਦੇ ਕਮਰੇ ਵਿਚ ਪਏ ਉਨ੍ਹਾਂ ਦੇ ਜੋੜਿਆਂ ਦਾ ਮਾਪ ਲੈ ਗਏ ਤੇ ਪਿੰਡੋਂ ਉਨ੍ਹਾਂ ਦੇ ਮਾਪ ਦੀ ਤਿੱਲੇਦਾਰ ਜੁੱਤੀ ਤਿਆਰ ਕਰਵਾ ਕੇ ਅੰਮ੍ਰਿਤਸਰ ਲੈ ਗਏ। ਭਾਈ ਸਾਹਿਬ ਨੇ ਕੀਮਤ ਪੁੱਛੀ ਤਾਂ ਮੇਰੇ ਪਿਤਾ ਜੀ ਟਾਲ ਮਟੋਲ ਕਰਨ ਲੱਗੇ। ਤਾਂ ਭਾਈ ਸਾਹਿਬ ਜੀ ਕਹਿਣ ਲੱਗੇ, ’’ਭਾਈ ਪ੍ਰਧਾਨ ਸਿੰਘ ਜੀ, ਕੀਮਤ ਨਹੀਂ ਲੈਣੀ ਤਾਂ ਫਿਰ ਇਹ ਜੁੱਤੀ ਤੁਸੀਂ ਆਪ ਹੀ ਪਾਓ।’’- ਮੇਰੇ ਪਿਤਾ ਜੀ

ਨੂੰ ਮਜਬੂਰਨ ਜੁੱਤੀ ਦੀ ਕੀਮਤ ਪੰਜ ਰੁਪਏ ਲੈਣੀ ਪਈ। ਭਾਈ ਸਾਹਿਬ ਕਹਿੰਦੇ ਹੁੰਦੇ ਸਨ, ''ਮੈਂ ਸਿਰਫ਼ ਇਕ ਆਦਮੀ ਤੋਂ ਇਕ ਚੀਜ਼ ਮੁਫ਼ਤ ਲੈਂਦਾ ਹਾਂ, ਉਹ ਹੈ ਸ੍ਰ. ਸੁੰਦਰ ਸਿੰਘ ਮਜੀਠੀਆ, ਉਹ ਮੈਨੂੰ ਹਰ ਸਾਲ ਆਪਣੇ ਖੰਡ ਦੇ ਕਾਰਖ਼ਾਨੇ 'ਚੋਂ ਦੋ-ਤਿੰਨ ਬੋਰੀਆਂ ਖੰਡ ਦੀਆਂ ਭਿਜਵਾ ਦੇਂਦੇ ਹਨ ਤੇ ਪੈਸੇ ਨਹੀਂ ਲੈਂਦੇ, ਤੇ ਮੈਂ ਵੀ ਆਪਣੀਆਂ ਪੁਸਤਕਾਂ ਉਨ੍ਹਾਂ ਨੂੰ ਮੁਫ਼ਤ ਭੇਜ ਦੇਂਦਾ ਹਾਂ। ਏਦਾਂ ਜੋ ਚੀਜ਼ ਉਹ ਬਣਾਉਂਦੇ ਹਨ ਉਹ ਮੈਨੂੰ ਮੁਫ਼ਤ ਦੇਂਦੇ ਹਨ ਤੇ ਜੋ ਚੀਜ਼ ਮੈਂ ਬਣਾਉਂਦਾ ਹਾਂ, ਮੈਂ ਉਨ੍ਹਾਂ ਨੂੰ ਮੁਫ਼ਤ ਦੇਂਦਾ ਹਾਂ। ਨਫ਼ਾ ਘਾਟਾ ਸਾਡੇ 'ਚੋਂ ਕੋਈ ਨਹੀਂ ਵੇਖਦਾ।

ਭਾਈ ਸਾਹਿਬ ਆਪ ਏਨੇ ਤਿਆਗੀ ਤੇ ਮਿੱਤਰਾਂ ਦੀ ਮਦਦ ਕਰਨ ਵਾਲੇ ਸਨ ਕਿ ਜਦੋਂ ਦਿੱਲੀ ਵਿਚ ਮੇਰੇ ਪਿਤਾ ਜੀ ਦੇ ਜਥੇ ਦੇ ਚੌਹਾਂ ਮੈਂਬਰਾਂ ਦੇ ਮਕਾਨ ਬਣ ਰਹੇ ਸਨ, ਤਾਂ ਭਾਈ ਸਾਹਿਬ ਨੇ ਆਪਣੇ ਵੱਲੋਂ ਢਾਈ ਹਜ਼ਾਰ ਰੁਪਏ ਮਕਾਨਾਂ ਦੇ ਖ਼ਰਚ ਵਿਚ ਪਾਨ ਲਈ ਘੱਲੇ ਤੇ ਨਾਲ ਹੀ ਇਕ ਪ੍ਰਾਈਵੇਟ ਚਿੱਠੀ ਲਿਖੀ ਕਿ ਕਿਸੇ ਨੂੰ ਦੱਸਣਾ ਨਹੀਂ। ਉਹ ਚਿੱਠੀ ਅੱਜ ਵੀ ਸਾਡੇ ਘਰ ਵਿਚ ਫਰੇਮ ਕੀਤੀ ਹੋਈ ਰੱਖੀ ਹੈ।

ਭਾਈ ਸਾਹਿਬ ਪੰਜਾਬੀ ਦੇ ਪਹਿਲੇ ਕਵੀ, ਵਾਰਤਾਕਾਰ, ਨਾਵਲਕਾਰ ਤੇ ਨਾਟਕਕਾਰ ਸਨ। ਇਸ ਤੋਂ ਪਹਿਲਾਂ ਸਿੱਖ ਵਿਦਵਾਨ ਜਿਵੇਂ ਕਿ ਗਿਆਨੀ ਗਿਆਨ ਸਿੰਘ, ਰਤਨ ਸਿੰਘ ਭੰਗੂ, ਭਾਈ ਸੰਤੋਖ ਸਿੰਘ ਆਦਿ ਬ੍ਰਿਜ ਭਾਸ਼ਾ ਵਿਚ ਹੀ ਲਿਖਦੇ ਸਨ। ਭਾਈ ਕਾਹਨ ਸਿੰਘ ਨਾਭਾ ਵੀ ਭਾਈ ਸਾਹਿਬ ਦੇ ਪਿਤਾ ਡਾ. ਚਰਨ ਸਿੰਘ, ਨਾਨਾ ਗਿ. ਹਜ਼ਾਰਾ ਸਿੰਘ ਆਦਿ ਬ੍ਰਿਜ ਭਾਸ਼ਾ ਵਿਚ ਹੀ ਲਿਖਦੇ ਸਨ। ਜਦੋਂ ਭਾਈ ਵੀਰ ਸਿੰਘ ਜੀ ਨੇ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਨੇ, ਆਪਣੇ ਇਕ ਹੋਰ ਬ੍ਰਿਜ ਭਾਸ਼ਾ ਦੇ ਵਿਦਵਾਨ ਮਹਾਤਮਾ ਦੋਸਤ ਦੇ ਸੁਝਾ ਤੇ, ਭਾਈ ਸਾਹਿਬ ਨੂੰ ਸਲਾਹ ਦਿੱਤੀ ਕਿ ਉਹ ਪੰਜਾਬੀ ਵਿਚ ਲਿਖ ਕੇ ਆਪਣੀ ਪ੍ਰਤਿਭਾ ਜ਼ਾਇਆ ਨਾ ਕਰਨ ਕਿਉਂਕਿ ਪੰਜਾਬੀ ਵਿਚ ਲਿਖਣ ਨਾਲ, ਉਨ੍ਹਾਂ ਨੂੰ ਵਿਦਵਾਨ ਵਜੋਂ ਮਾਨਤਾ ਨਹੀਂ ਮਿਲੇਗੀ। ਤਾਂ ਭਾਈ ਸਾਹਿਬ ਦਾ ਉਤਰ ਸੀ, ''ਮੈਂ ਮਾਂਗਵੇਂ ਖੰਭਾਂ ਨਾਲ ਉੱਚੀਆਂ ਉਡਾਰੀਆਂ ਨਹੀਂ ਮਾਰ ਸਕਦਾ'' ਉਨ੍ਹਾਂ ਦੇ ਵਿਚਾਰ ਵਿਚ ਆਪਣੀ ਮਾਦਰੀ ਪਾਸਾ ਨੂੰ ਛੱਡ ਕੇ, ਕਿਸੇ ਹੋਰ ਭਾਸ਼ਾ ਵਿਚ ਲਿਖਣਾ, ਮਾਂਗਵੇਂ ਖੰਭਾਂ ਨਾਲ ਉੱਡਣ ਦਾ ਯਤਨ ਸੀ।

ਭਾਈ ਸਾਹਿਬ ਕਵੀ ਤੇ ਲੇਖਕ ਹੋਣ ਤੋਂ ਇਲਾਵਾ ਪੂਰਨ ਸੰਤ ਸਨ। ਵਧੇਰੇ ਸਮਾਂ ਉਹ ਲਿਖਣ ਅਤੇ ਈਸ਼ਵਰ ਭਗਤੀ ਵਿਚ ਹੀ ਜਾਂਦੇ ਸਨ। ਮਾਨ ਸਨਮਾਨ ਦੀ ਉਨ੍ਹਾਂ ਨੂੰ ਚਾਹ ਨਹੀਂ ਸੀ। ਇਸੇ ਲਈ ਸਮਾਗਮਾਂ ਵਿਚ ਜਾਣ ਤੋਂ ਕੰਨੀਂ ਕਤਰਾਉਂਦੇ ਸਨ। ਸਵੇਰੇ ਤਿੰਨ ਵਜੇ ਆਪਣੀ ਕੋਠੀ ਲਾਰੈਂਸ ਰੋਡ ਤੋਂ ਆਪਣੀ ਫਿੱਟਣ ਰਾਹੀਂ ਦਰਬਾਰ ਸਾਹਿਬ ਜਾਂਦੇ ਸਨ ਤੇ ਦਰਸ਼ਨ ਕਰਕੇ ਚਾਰ ਵਜੇ ਪਰਤ ਆਉਂਦੇ ਸਨ। ਬਹੁਤ ਘਟ ਲੋਕਾਂ ਨੂੰ ਪਤਾ ਲਗਦਾ ਸੀ ਕਿ ਇਹ ਭਾਈ ਵੀਰ ਸਿੰਘ ਹਨ। ਉਨ੍ਹਾਂ ਦਾ ਜੀਵਨ ਉਨ੍ਹਾਂ ਦੀ ਆਪਣੀ ਕਵਿਤਾ ''ਬਨਫ਼ਸ਼ਾ ਦਾ ਫੁੱਲ'' ਦੀ ਇਸ ਪੰਗਤੀ ਵਾਂਗ ਸੀ:

- ਮੇਰੀ ਛੁਪੀ ਰਹੇ ਗੁਲਜ਼ਾਰ ਮੈਂ ਨੀਵਾਂ ਉੱਗਿਆ ਕੋਈ ਲੱਗੇ ਨਾ ਨਜ਼ਰ ਟਪਾਰ ਮੈਂ ਪ੍ਰਬਤ ਲੁਕਿਆ...
  ਮੇਰੀ ਛੁਪੇ ਰਹਿਣ ਦੀ ਚਾਹ ਤੇ ਛੁਪ ਟੁਰ ਜਾਣ ਦੀ ਪੂਰੀ ਹੁੰਦੀ ਨਾਂਹ ਮੈਂ ਤਰਲੇ ਲੈ ਰਿਹਾ।

ਮੇਰੇ ਬਾਬਾ ਤੇ ਪਿਤਾ ਜੀ ਵੀ ਭਾਈ ਸਾਹਿਬ ਦੇ ਏਨੇ ਸ਼ਰਧਾਲੂ ਸਨ ਕਿ ਉਨ੍ਹਾਂ ਦੇ ਚਲਾਣੇ ਪਿੱਛੋਂ ਜਦੋਂ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਰੂਪ ਵਿਚ ਭਾਈ ਸਾਹਿਬ ਦੀ ਯਾਦਗਾਰ ਬਣਨ ਲੱਗੀ, ਤਾਂ ਪਹਿਲਾਂ ਤਾਂ ਉਹ ਆਪਣੇ ਦੋ ਮਕਾਨਾਂ ਵਿਚੋਂ ਲਾਜਪਤ ਨਗਰ ਦਾ ਇਕ ਮਕਾਨ ਹੀ ਸਾਹਿਤ ਸਦਨ ਦੇ ਨਾਮ ਕਰਨ ਲੱਗੇ ਸਨ, ਪਰ ਜਦੋਂ ਮੇਰੇ ਚਾਚਾ ਸਵਰਗਵਾਸੀ ਭਾਈ ਸਤਿਨਾਮ ਸਿੰਘ ਜੀ ਨੇ ਇਤਰਾਜ਼ ਕੀਤਾ, ਤਾਂ ਉਨ੍ਹਾਂ ਨੇ ਨਕਦ ਗਿਆਰਾਂ ਹਜ਼ਾਰ ਰੁਪਏ, ਭਾਈ ਸਾਹਿਬ ਦੀ ਯਾਦ ਲਈ ਦਾਨ ਦਿੱਤੇ।

ਮੇਰੇ ਬਜ਼ੁਰਗ ਤੇ ਭਾਈ ਵੀਰ ਸਿੰਘ ਜੀ ਦੇ ਸੰਬੰਧਾਂ ਦੀ ਵਿਥਿਆ ਬੜੀ ਲੰਮੀ ਹੈ ਤੇ ਵੱਖਰਾ ਮਜ਼ਮੂਨ ਹੈ। ਇਸ ਲੇਖ ਦਾ ਅੰਤ ਮੈਂ ਆਪਣੀ ਕਵਿਤਾ ਦੇ ਇਕ ਬੰਦ ਨਾਲ ਕਰਦਾ ਹਾਂ:

- ਜਿਨ੍ਹਾਂ ਦੀ ਘਾਲ ਕਮਾਈ ਉੱਤੇ ਕੌਮਾਂ ਕਰਦੀਆਂ ਮਾਣ ਇਹੋ ਜਿਹੇ ਕਦੀ ਵਿਰਲੇ ਵਿਰਲੇ ਆਉਂਦੇ ਵਿਚ ਜਹਾਨ ਜਿਨ੍ਹਾਂ ਦੇ ਸਾਹਾਂ ਨਾਲ ਘੁਲਦੀਆਂ, ਪੌਣਾਂ ਵਿਚ ਖ਼ੁਸ਼ਬੂਆਂ, ਲੈਂਦਾ ਏ ਇਤਿਹਾਸ ਜਿਨ੍ਹਾਂ ਦੀਆਂ ਖੜ ਖੜ ਕੇ ਕਨਸੋਆਂ ਪਿੱਛੋਂ ਆਵਣ ਵਾਲੀਆਂ ਨਸਲਾਂ ਗੀਤ ਜਿਨ੍ਹਾਂ ਦੇ ਗਾਣ ਇਹੋ ਜਿਹੇ ਕਦੀ ਵਿਰਲੇ ਵਿਰਲੇ, ਆਉਂਦੇ ਵਿਚ ਜਹਾਨ।

**ਇਹ ਲੇਖ ਪੁਸਤਕ 'ਨੇੜਿਉਂ ਤੱਕੀਆਂ ਚਾਨਣ ਰਿਸ਼ਮਾਂ' ਵਿਚੋਂ ਲਿਆ ਗਿਆ ਹੈ।**

# ਮਹਾਨ ਸੰਗੀਤਕਾਰ, ਸ਼ਾਸਤਰਕਾਰ, ਸੰਗੀਤ ਸੁਧਾਰਕ, ਪ੍ਰਚਾਰਕ ਅਤੇ ਸੱਚੇ ਅਧਿਆਪਕ

# ਪੰਡਿਤ ਵਿਸ਼ਨੂ ਦਿਗੰਬਰ ਪਲੁਸਕਰ

**ਡਾ. ਰਣਜੀਤ ਸਿੰਘ**

ਮਹਾਂਰਾਸ਼ਟਰ ਦੀ ਕਰੁੰਦਵਾੜ ਰਿਆਸਤ ਦੇ ਬੇਲਗਾਵ ਨਾਮ ਦੇ ਸਥਾਨ ਤੇ 18 ਅਗਸਤ, 1872 ਈ. ਨੂੰ ਇਕ ਹਰਿਦਾਸੀ ਪਰਿਵਾਰ ਵਿਚ ਪੰਡਿਤ ਵਿਸ਼ਨੂ ਦਿਗੰਬਰ ਪਲੁਸਕਰ ਨੇ ਪਿਤਾ ਪੰਡਿਤ ਦਿਗੰਬਰ ਬੁਆ ਅਤੇ ਮਾਤਾ ਰਾਮਾਬਾਈ ਦੇ ਘਰ ਪਹਿਲੀ ਕਿਲਕਾਰੀ ਮਾਰੀ। ਪੰਡਿਤ ਜੀ ਦੇ ਦਾਦਾ ਗੋਪਾਲ ਰਾਵ, ਜੋ ਕਿ ਪ੍ਰਸਿਧ ਕੀਰਤਨਕਾਰ ਸਨ, ਪਲੁਸ ਗ੍ਰਾਮ ਦੇ ਵਾਸੀ ਸਨ, ਜਿਸ ਕਾਰਨ ਇਨ੍ਹਾਂ ਨੂੰ 'ਪਲੁਸਕਰ' ਕਿਹਾ ਜਾਣ ਲੱਗਾ। ਗੋਪਾਲਰਾਵ ਦੇ ਚਾਰ ਪੁੱਤਰਾਂ ਚਿੰਤਾਮਣੀ, ਧੋਂਡੂ, ਕੇਸ਼ਵ ਅਤੇ ਦਿਗੰਬਰ ਬੁਆ ਵਿਚੋਂ ਪੰਡਿਤ ਵਿਸ਼ਨੂ ਦਿਗੰਬਰ ਪਲੁਸਕਰ ਪ੍ਰਸਿਧ ਕਲਾਕਾਰ ਦਿਗੰਬਰ ਬੁਆ ਦੇ ਪੁੱਤਰ ਸਨ।

ਬਚਪਨ ਵਿਚ ਇਕ ਪਟਾਕਾ ਚਲਾਉਂਦੇ ਸਮੇਂ ਬਾਲਕ ਵਿਸ਼ਨੂ ਦੀਆਂ ਅੱਖਾਂ ਦੀ ਜੋਤ ਸਦਾ ਲਈ ਖਤਮ ਹੋ ਗਈ। ਜਿਸ ਉਪਰੰਤ ਇਨ੍ਹਾਂ ਨੂੰ ਸੰਗੀਤਕ ਸਿਖਿਆ ਲੈਣ ਲਈ ਮਿਰਜ ਦੇ ਦਰਬਾਰ ਦੇ ਰਾਜ ਗਾਇਕ ਪੰ.ਬਾਲਕ੍ਰਿਸ਼ਣ ਬੁਆ ਇਚਲਕਰੰਜੀਕਰ (ਗਵਾਲੀਅਰ ਘਰਾਣੇ ਦੇ ਗਾਇਕ) ਕੋਲ ਭੇਜ ਦਿਤਾ ਗਿਆ। ਸੰਗੀਤ ਦੇ ਪ੍ਰਚਾਰ-ਪ੍ਰਸਾਰ ਅਤੇ ਸੰਗੀਤਕਾਰਾਂ ਨੂੰ ਸਨਮਾਨ ਜਨਕ ਦਰਜਾ ਦਿਵਾਉਣ ਦੇ ਮੰਤਵ ਨਾਲ ਉਹ ਸੰਨ 1896-97 ਵਿਚ ਭਾਰਤ ਦੇ ਔਂਧ, ਸਿਤਾਰਾ, ਬੜੌਦਾ, ਕਾਠੀਆਵਾੜ ਦੀ ਰਿਆਸਤ ਰਾਜਕੋਟ, ਅਲੀਗੜ੍ਹ, ਮਥੁਰਾ ਸਮੇਤ ਉਤਰ ਪ੍ਰਦੇਸ਼, ਬੰਗਾਲ, ਬਿਹਾਰ, ਉੜੀਸਾ, ਬੰਬਈ, ਮਹਾਰਾਸ਼ਟਰ ਆਦਿ ਪ੍ਰਾਂਤਾ ਦੇ ਪ੍ਰਮੁੱਖ ਸ਼ਹਿਰਾਂ ਵਿਚ ਗਏ। ਇਸੇ ਦੌਰਾਨ ਜਲੰਧਰ ਦੇ ਪੰਡਿਤ ਤੋਲਾਰਾਮ ਦੇ ਸੱਦੇ ਤੇ 1898 ਈ.ਵਿਚ ਪੰਡਿਤ ਜੀ ਨੇ 'ਹਰਿਵੱਲਭ ਸੰਗੀਤ ਸੰਮੇਲਨ' ਵਿਚ ਆਪਣਾ ਮਧੁਰ ਗਾਇਨ ਪੇਸ਼ ਕਰਕੇ 'ਸਰਵ ਸ੍ਰੇਸ਼ਠ ਗਾਇਕ' ਦੀ ਪਦਵੀ ਹਾਸਿਲ ਕੀਤੀ। ਇਸ ਉਪਰੰਤ ਉਨ੍ਹਾਂ ਅੰਮ੍ਰਿਤਸਰ, ਲਾਹੌਰ, ਰਾਵਲਪਿੰਡੀ, ਕਸ਼ਮੀਰ, ਭਰਤਪੁਰ, ਬੀਕਾਨੇਰ, ਜੋਧਪੁਰ ਵਿਚ ਵੀ ਭ੍ਰਮਣ ਕੀਤਾ।

ਭਾਰਤ ਫੇਰੀ ਦੌਰਾਨ ਪੰਡਿਤ ਜੀ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਸੰਗੀਤ ਪ੍ਰਤੀ ਲੋਕਾਂ ਦੇ ਮਨਾਂ ਵਿਚ ਨਫਰਤ ਦਾ ਮੁੱਖ ਕਾਰਨ ਰਾਗ ਰਚਨਾਵਾਂ ਵਿਚ ਅਸ਼ਲੀਲ ਭਾਸ਼ਾ ਦਾ ਪ੍ਰਯੋਗ ਅਤੇ ਕਲਾਕਾਰਾਂ ਵਲੋਂ ਨਸ਼ੇ ਕਰਕੇ ਗਾਉਣਾ ਸੀ। ਪੰਡਿਤ ਜੀ ਭਗਤੀ ਰਸ ਵਾਲੇ ਗੀਤਾਂ ਨੂੰ ਰਾਗਾਂ ਵਿਚ ਸੁਰਬੱਧ ਕਰਕੇ ਗਾਉਣ ਲੱਗੇ ਅਤੇ ਹੋਰ ਗਾਇਕਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕੀਤਾ।

ਵਿਦਿਆਰਥੀਆਂ ਨੂੰ ਸਮੂਹਿਕ ਰੂਪ ਵਿਚ ਸੰਗੀਤ ਸਿਖਿਆ ਦੇਣ ਦੇ ਮੰਤਵ ਨਾਲ ਰਾਜਾ ਧਿਆਨ ਸਿੰਘ ਦੀ ਹਵੇਲੀ ਵਿਚ ਸਵ. ਸਰ ਪੀ.ਸੀ.ਚੈਟਰਜੀ ਦੇ ਕਰ ਕਮਲਾਂ ਨਾਲ ਪੰਡਿਤ ਜੀ ਨੇ 5 ਮਈ, 1901 ਈ. ਨੂੰ ਲਾਹੌਰ ਵਿਚ 'ਗੰਧਰਵ ਮਹਾਵਿਦਿਆਲਯ' ਦੀ ਸਥਾਪਨਾ ਕੀਤੀ ਜਿਸ ਦੀ ਇਕ ਹੋਰ ਸ਼ਾਖਾ ਅਕਤੂਬਰ, 1908 ਈ. ਨੂੰ ਬੰਬਈ ਵਿਚ ਕਿਰਾਏ ਦੀ ਇਕ ਇਮਾਰਤ ਵਿਚ ਖੋਲੀ ਗਈ। ਕਿਰਾਏ ਦੀ ਇਮਾਰਤ ਵਿਚ ਆ ਰਹੀਆਂ ਮੁਸ਼ਕਲਾਂ ਨੂੰ ਦੇਖਦਿਆਂ ਉਨ੍ਹਾਂ ਕਰਜਾ ਲੈ ਕੇ ਆਪਣੇ ਭਵਨ ਦਾ ਨਿਰਮਾਣ ਕਰਵਾਇਆ ਜਿਸ ਦਾ ਉਦਘਾਟਨ 11 ਜਨਵਰੀ, 1915 ਈ.ਵਿਚ ਗਵਰਨਰ ਲਾਰਡ ਵਿਲਿੰਗਟਨ ਨੇ ਕੀਤਾ। ਪੰਡਿਤ ਜੀ ਵਲੋਂ ਇਨ੍ਹਾਂ ਵਿਦਿਆਲਯ ਵਿਚ ਗਾਇਨ ਦੇ ਨਾਲ-ਨਾਲ ਸਿਤਾਰ, ਮਿਰਦੰਗ, ਤਬਲਾ, ਜਲਤਰੰਗ, ਵਾਇਲਨ ਆਦਿ ਦੀ ਸਿਖਿਆ ਦਾ ਵੀ ਪ੍ਰਬੰਧ ਕੀਤਾ ਗਿਆ। ਸਾਜ਼ਾਂ ਦੀ ਮੁਰੰਮਤ ਕਰਨ ਲਈ ਇਕ ਕਾਰਖਾਨਾ ਵੀ ਲਗਾਇਆ ਗਿਆ ਜਿਥੇ ਦੌਲਤ ਰਾਮਸ਼ਿੰਦੇ ਨਾਮ ਦਾ ਕਰਿੰਦਾ ਤੰਤੀ ਸਾਜ਼ਾਂ ਦੇ ਨਿਰਮਾਣ ਅਤੇ ਮੁਰੰਮਤ ਦ ਾਕੰਮ ਦੇਖਦਾ ਸੀ। ਕਰਜੇ ਦਾ ਬੋਝ ਵੱਧ ਜਾਣ ਕਾਰਨ ਸੰਨ 1923-24 ਵਿਚ ਇਹ ਵਿਦਿਆਲਯ ਬੰਦ ਹੋ ਗਿਆ।

ਪੰਡਿਤ ਜੀ ਨੇ ਸੰਗੀਤ ਦੇ ਕ੍ਰਿਆਤਮਕ ਅਤੇ ਸ਼ਾਸਤਰਪੱਖ ਨਾਲ ਸਬੰਧਿਤ ਲੱਗਭਗ 70 ਪੁਸਤਕਾਂ

ਦੀ ਰਚਨਾ ਕੀਤੀ ਜਿਨ੍ਹਾਂ ਵਿਚੋਂ ਸੰਗੀਤ ਬਾਲ ਪ੍ਰਕਾਸ਼ (ਚਾਰ ਭਾਗ), ਸੰਗੀਤ ਬਾਲ ਬੋਧ (ਪੰਜ ਭਾਗ), ਸੰਗੀਤ ਤਤਵਦਰਸ਼ਕ, ਸੰਗੀਤ ਸ਼ਿਕਸ਼ਕ, ਰਾਗ ਪ੍ਰਵੇਸ਼ (ਉਨੀ ਭਾਗ), ਰਾਸ਼ਟਰੀ ਸੰਗੀਤ, ਮਹਿਲਾ ਸੰਗੀਤ, ਅੰਕਿਤ ਅਲੰਕਾਰ, ਟੱਪਾ ਗਾਇਨ, ਹੋਰੀ, ਭਜਨਾਮ੍ਰਿਤ ਲਹਿਰੀ (ਪੰਜ ਭਾਗ), ਭਗਤ ਪ੍ਰੇਮ ਲਹਿਰੀ, ਸੰਗੀਤਨਾਮ ਸਮਰਣੀ, ਭਜਨਾਵਲੀ, ਸਿਤਾਰ ਕੀ ਪੁਸਤਕ, ਮ੍ਰਿਦੰਗਤ ਬਲਾਵਾਦਨ ਪੱਧਤੀ, ਕਰਨਾਟਕੀ ਸੰਗੀਤ, ਬੰਗਾਲੀ ਗਾਇਨ, ਬਾਲੋਦਯ ਸੰਗੀਤ, ਰਾਸ਼ਟਰੀ ਸੰਗੀਤ, ਭਾਰਤੀਯ ਸੰਗੀਤ ਲੇਖਨ ਪੱਧਤੀ ਆਦਿ ਪ੍ਰਮੁੱਖ ਹਨ। ਪੰਡਿਤ ਜੀ ਦੀਆਂ ਪ੍ਰਕਾਸ਼ਿਤਕਈ ਦੁਰਲੱਭ ਪੁਸਤਕਾਂ ਨੂੰ ਸੰਭਾਲਣ ਦਾ ਉਪਰਾਲਾ ਅੱਜ ਕਲ ਡਾ. ਦੇਵਿੰਦਰ ਕੌਰ, ਸਾਬਕਾ ਪ੍ਰੋ. ਅਤੇ ਮੁਖੀ, ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਕਰ ਰਹੇ ਹਨ। 1905 ਈ. ਦੇ ਕਰੀਬ ਉਹ ਕੁਝ ਸਮਾਂ 'ਸੰਗੀਤਾਮ੍ਰਿਤਿ-ਪ੍ਰਵਾਹ' ਨਾਮ ਦਾ ਹਿੰਦੀ ਮਾਸਿਕ ਪੱਤ੍ਰਿਕਾ ਵੀ ਪ੍ਰਕਾਸ਼ਿਤ ਕਰਦੇ ਰਹੇ। ਪੰਡਿਤ ਜੀ ਨੇ ਇਕਨਵੀ ਸਵਰ ਲਿਪੀ ਪੱਧਤੀ ਦਾ ਨਿਰਮਾਣ ਵੀ ਕੀਤਾ ਜੋ ਅੱਜ ਕਲੋ ਪੰਡਿਤ ਵਿਸ਼ਨੂ ਦਿਗੰਬਰ ਸਵਰ ਲਿਪੀ ਪੱਧਤੀ' ਨਾਮ ਨਾਲ ਜਾਣੀ ਜਾਂਦੀ ਹੈ।

ਪੰਡਿਤ ਜੀ ਦੇ ਸ਼ਗਿਰਦਾਂ ਵਿਚੋਂ ਪੰਡਿਤ ਉਂਕਾਰਨਾਥ ਠਾਕੁਰ, ਪ੍ਰੋ.ਬੀ.ਆਰ.ਦੇਵਧਰ, ਪੰਡਿਤ ਵਿਨਾਇਕਰਾਵ ਪਟਵਰਧਨ, ਪੰਡਿਤ ਬੀ.ਪੀ. ਕੁਸ਼ਾਲਕਾਰ, ਪੰਡਿਤ ਵੀ.ਐਨ.ਠਾਕੁਰ, ਪੰਡਿਤ ਵਾਮਨਰਾਵਪਾਧੇ, ਪੰਡਿਤ ਸ਼ੰਕਰ ਰਾਵਵਿਆਸ, ਸ੍ਰੀ ਨਾਰਾਇਣ ਮੋਹੇਸ਼ਵਰਖਰੇ, ਸਦਾ ਸ਼ਿਵਰਾਵਆਪਟੇ, ਸ਼ਾਤਾਆਪਟੇ, ਪੰਡਿਤ ਨਾਰਾਇਣ ਰਾਵਵਿਆਸ ਅਤੇ ਵੀ. ਏ. ਕਸ਼ਾਲਕਰ ਦੇ ਨਾਮ ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹਨ ਜਿਨ੍ਹਾਂ ਨੇ ਪੰਡਿਤ ਜੀ ਦੇ ਕਾਰਜ ਨੂੰ ਅੱਗੇ ਵਧਾਇਆ।

ਸੰਗੀਤ ਦੇ ਪ੍ਰਚਾਰ-ਪ੍ਰਸਾਰ ਲਈ ਪੰਡਿਤ ਜੀ ਵਲੋਂ ਪਹਿਲੀ ਅਖਿਲ ਭਾਰਤੀ ਸੰਗੀਤ ਪਰਿਸ਼ਦ 1918 ਈ.ਵਿਚ, ਦੂਜੀ 1919 ਈ., ਤੀਜੀ 1920 ਈ., ਚੌਥੀ 1921 ਈ., ਪੰਜਵੀਂ 1922 ਈ.ਵਿਚ ਗੰਧਰਵ ਮਹਾਂ ਵਿਦਿਆਲਯ ਬੰਬਈ ਵਿਚ ਕਰਵਾਈ ਗਈ। ਇਸ ਉਪਰੰਤ ਛੇਵੀਂ ਸੰਗੀਤ ਪਰਿਸ਼ਦ 1923 ਈ. ਨੂੰ ਅਹਿਮਦਾਬਾਦ, ਸੱਤਵੀਂ ਬੇਲਗਾਂਵ, ਅੱਠਵੀਂ ਕਾਨਪੁਰ, ਨੌਂਵੀ 1928 ਈ.ਵਿਚ, ਦਸਵੀਂ ਮਾਂਡਲਾ ਵਿਚ ਅਤੇ ਗਿਆਰਵੀਂ 1929 ਈ.ਵਿਚ ਲਾਹੌਰ ਵਿਖੇ ਆਯੋਜਤ ਕੀਤੀ ਗਈ। ਇਨ੍ਹਾਂ ਸੰਗੀਤ ਪਰਿਸ਼ਦਾਂ ਵਿਚ ਜਗਤ ਪ੍ਰਸਿਧ ਕਲਾਕਾਰਾਂ ਦਾ ਗਾਇਨ, ਸੰਗੀਤਕ ਭਾਸ਼ਣਾਂ ਦਾ ਆਯੋਜਨ ਕਰਨ ਤੋਂ ਇਲਾਵਾ ਸਾਜ਼ਾਂ ਦੀ ਪ੍ਰਦਰਸ਼ਨੀ ਵੀ ਲਗਾਈ ਜਾਂਦੀ ਸੀ।

ਪੰਡਿਤ ਜੀ ਦੇ ਘਰ 12 ਸੰਤਾਨਾਂ ਨੇ ਜਨਮ ਲਿਆ। 11 ਸੰਤਾਨਾਂ ਜਿੰਦਾ ਨਾ ਰਹਿ ਸਕੀਆਂ। 18 ਮਈ 1921 ਈ. ਨੂੰ ਬਾਰਵੀਂ ਸੰਤਾਨ ਵਜੋਂ ਇਕ ਪੁੱਤਰ ਦੱਤਾ ਤ੍ਰੇਯ (ਡੀ.ਵੀ.ਪਲੁਸਕਰ) ਨੇ ਜਨਮ ਲਿਆ ਜੋ ਕਿ ਬਾਅਦ ਵਿਚ ਪ੍ਰਸਿਧ ਗਾਇਕ ਵਜੋਂ ਸਥਾਪਿਤ ਹੋਏ ਅਤੇ ਉਹ ਵੀ ਜਿਆਦਾ ਸਮਾਂ ਜਿੰਦਾ ਨਾ ਰਹਿ ਸਕੇ। ਜੀਵਨ ਦੇ ਅੰਤਲੇ ਸਮੇਂ ਪੰਡਿਤ ਜੀਰਾਮ ਧੁੰਨ ਵਿਚ ਮਸਤ ਰਹਿ ਕੇ ਲੋਕਾਂ ਨੂੰ ਭਗਤੀ ਰਸ ਨਾਲ ਜੋੜਨ ਲੱਗੇ। 21 ਅਗਸਤ, 1931 ਈ. ਨੂੰ ਲਕਵੇ ਦੀ ਬਿਮਾਰੀ ਕਾਰਨ ਭਾਰਤ ਦੇ ਇਸ ਮਹਾਨ ਸੰਗੀਤਕਾਰ/ਸ਼ਾਸਤਰਕਾਰ ਦਾ ਦੇਹਾਂਤ ਹੋ ਗਿਆ। ਭਾਰਤ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ 21 ਅਗਸਤ, 1973 ਈ. ਨੂੰ ਇਨ੍ਹਾਂ ਦੇ ਨਾਮ ਦੀ ਡਾਕ ਟਿਕਟ ਜਾਰੀ ਕਰਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਜਦੋਂ ਤੱਕ ਸੰਗੀਤ ਦੀ ਗੱਲ ਹੁੰਦੀ ਰਹੇਗੀ ਪੰਡਿਤ ਵਿਸ਼ਨੂ ਦਿਗੰਬਰ ਪਲੁਸਕਰ ਨੂੰ ਯਾਦ ਕੀਤਾ ਜਾਂਦਾ ਰਹੇਗਾ।

**ਪ੍ਰਿੰਸੀਪਲ, ਭਾਈ ਸੰਗਤ ਸਿੰਘ ਖਾਲਸ ਕਾਲਜ ਬੰਗਾ, ਜਿਲਾ ਸ਼ਹੀਦ ਭਗਤ ਸਿੰਘ ਨਗਰ**

**ਜ਼ਰੂਰੀ ਬੇਨਤੀ**

ਮੈਗਜ਼ੀਨ ਮਿਲਣ ਤੇ ਸੂਚਨਾ ਜ਼ਰੂਰ ਦਿਓ ਜੀ ।

ਸੰਪਾਦਕ ਮੋਬਾਇਲ 98556-40630

ਸ਼੍ਰੀ ਗੁਰੂ ਗਰੰਥ ਸਾਹਿਬ ਵਿੱਚ ਸ਼ਾਮਿਲ ਸ਼ੁੱਧ 31 ਰਾਗਾਂ ਤੇ ਆਧਾਰਿਤ ਸਚਿਤਰ ਪੋਥੀ

# ਰਾਗ ਰਤਨ ਸੰਗਤ ਅਰਪਣ

**ਗੁਰਭਜਨ ਸਿੰਘ ਗਿੱਲ(ਪ੍ਰੋ:)**

ਮਾਨਵ ਦੇ ਅੰਦਰੂਨੀ ਵਿਕਾਸ ਲਈ ਗੁਰਬਾਣੀ ਸਿਖਰ ਚੋਟੀ ਹੈ ਜੋ ਸਾਡੇ ਲਈ ਕਦਮ ਕਦਮ ਤੇ ਰਾਹ ਦਿਸੇਰਾ ਬਣਦੀ ਹੈ। ਗੁਰੂ ਨਾਨਕ ਦੇਵ ਜੀ ਵੱਲੋਂ ਆਪਣੇ ਤੋਂ ਪਹਿਲੇ ਮਹਾਨ ਦਰਵੇਸ਼ਾਂ,ਚਿੰਤਕਾਂ ਤੇ ਯੁੱਗ ਪਲਟਾਊ ਸੋਚ ਧਾਰਾ ਦੇ ਸੰਤਾਂ ਤੇ ਭਗਤ ਲੋਕਾਂ ਦੀ ਬਾਣੀ ਅਤੇ ਮਗਰੋਂ ਬਾਕੀ ਗੁਰੂ ਸਾਹਿਬਾਨ ਦੀ ਬਾਣੀ ਸਮੇਤ ਇਹ ਖ਼ਜ਼ਾਨਾ ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਤੀਕ ਪੁੱਜਾ, ਉਹਨੂੰ ਹੀ "ਪੋਥੀ ਪਰਮੇਸ਼ਰ ਦਾ ਥਾਨ" ਤੀਕ ਪਹੁੰਚਾਉਣ ਦਾ ਸ਼ੁੱਭ ਕਾਰਜ ਗੁਰੂ ਪੰਚਮ ਪਾਤਸ਼ਾਹ ਨੇ ਕੀਤਾ।

ਉਨ੍ਹਾਂ ਇਹ ਸਦੀਵ -ਕਾਲੀ ਨੇਕ ਕਾਰਜ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਸੰਪੂਰਨ ਕੀਤਾ।

ਸ਼੍ਰੀ ਗੁਰੂ ਗਰੰਥ ਸਾਹਿਬ ਵਿੱਚ ਹਰ ਸ਼ਬਦ ਨੂੰ ਗਾਇਨ ਕਰਨ ਲਈ ਨਾਲੋ- ਨਾਲ ਰਾਗ ਪ੍ਰਬੰਧ ਵੀ ਲਿਖਤੀ ਰੂਪ ਵਿੱਚ ਅੰਕਿਤ ਕਰ ਦਿੱਤਾ।

ਇਹੀ ਰਾਗ ਪ੍ਰਬੰਧ ਲੰਮਾ ਸਮਾਂ ਸਾਡੇ ਗੁਰੂ ਘਰਾਂ ਵਿੱਚ ਰਾਗੀਆਂ ਰਬਾਬੀਆਂ ਰਾਹੀ ਸਾਡੇ ਸਾਹਾਂ ਸਵਾਸਾਂ ਨੂੰ ਤਰੰਗਿਤ ਕਰਦਾ ਰਿਹਾ।

ਟਕਸਾਲੀ ਰਾਗਾਂ ਦੇ ਪ੍ਰਬੀਨ ਰਾਗੀ ਸਾਹਿਬਾਨ ਲੰਮਾ ਸਮਾਂ ਸਮੁੱਚੇ ਵਿਸ਼ਵ ਵਿੱਚ ਵੱਸਦੇ ਗੁਰੂ ਸ਼ਬਦ ਅਭਿਲਾਖੀਆਂ ਦੀ ਰੂਹ ਨੂੰ ਤ੍ਰਿਪਤ ਕਰਦੇ ਰਹੇ।

ਦੇਸ਼ ਵੰਡ ਮਗਰੋਂ 1947 'ਚ ਸਾਰਾ ਕੁਝ ਹੀ ਉਥਲ-ਪੁਥਲ ਹੋ ਗਿਆ। ਰਬਾਬੀ ਪਰੰਪਰਾ ਦੇ ਬਹੁਤੇ ਗਿਆਤਾ ਰਾਵੀ ਪਾਰ ਚਲੇ ਗਏ।

ਪਿੱਛੇ ਰਹਿ ਗਏ ਗੁਰਬਾਣੀ ਸੰਗੀਤ ਦੇ ਗੂੜ੍ਹ ਗਿਆਤਾ ਉਦਾਸੀਨ ਹੋ ਗਏ ਕਿਉਂਕਿ ਕਲਾ ਸ਼ਨਾਸ ਲੋਕ ਮੁੜ ਵਸੇਬੇ ਦੇ ਫ਼ਿਕਰ ਵਿੱਚ ਦਰ ਦਰ ਭਟਕ ਰਹੇ ਸਨ।

ਪਰ ਸੂਝ ਹਮੇਸ਼ਾ ਲਿਆਕਤ ਸਾਂਭ ਲੈਂਦੀ ਹੈ ਬੀਤੇ ਦੇ ਮਾਣਕ ਮੋਤੀ। ਸੁਰ -ਸਾਧਕਾਂ ਨੇ ਸੰਤ ਬਾਬਾ ਸੁੱਚਾ ਸਿੰਘ ਜੀ (ਜਵੱਦੀ ਟਕਸਾਲ, ਲੁਧਿਆਣਾ) ਵਾਲਿਆਂ ਦੀ ਅਗਵਾਈ ਤੇ ਪ੍ਰੇਰਨਾ ਨਾਲ ਸਿਰ ਜੋੜਿਆ।ਉਨ੍ਹਾਂ ਨਾਲ ਬੀਬੀ ਜਸਬੀਰ ਕੌਰ, ਪੰਡਿਤ ਦਲੀਪ ਚੰਦਰ ਬੇਦੀ,ਸੰਗੀਤ ਮਾਰਤੰਡ ਉਸਤਾਦ ਜਸਵੰਤ ਸਿੰਘ ਭੰਵਰਾ, ਪ੍ਰੋ: ਕਰਤਾਰ ਸਿੰਘ, ਭਾਈ ਬਲਬੀਰ ਸਿੰਘ ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ,ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ , ਡਾ: ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੇ ਅਤੇ ਹੋਰ ਗੁਣੀ ਜਨ ਮਿਲ ਗਏ।

ਸੰਤ ਬਾਬਾ ਸੁੱਚਾ ਸਿੰਘ ਜੀ ਦੀ ਦੇਖ ਰੇਖ ਹੇਠ ਪਹਿਲਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1991 ਵਿਚ ਕਰਵਾਇਆ ਗਿਆ ਅਤੇ ਇਸ ਦੀ ਆਡੀਓ , ਵੀਡੀਓ ਰਿਕਾਰਡਿੰਗ ਵੀ ਕੀਤੀ ਗਈ।

ਜਦ ਕਿਸੇ ਵੀ ਵਪਾਰਕ ਕੰਪਨੀ ਨੇ ਇਸ ਰਿਕਾਰਡਿੰਗ ਰਿਲੀਜ਼ ਕਰਨਾ ਪ੍ਰਵਾਨ ਨਾ ਕੀਤਾ ਤਾਂ "ਵਿਸਮਾਦ ਨਾਦ"ਕੰਪਨੀ ਨਾਮ ਰੱਖ ਕੇ ਆਪ ਹੀ ਇਸ ਨੂੰ ਕਦਰਦਾਨਾਂ ਤੀਕ ਪਹੁੰਚਾਉਣ ਦਾ ਉਪਰਾਲਾ ਕੀਤਾ ਗਿਆ। ਮੈਨੂੰ ਇਹ ਮਾਣ ਮਿਲਿਆ ਕਿ ਮੇਰਾ ਸੁਝਾਇਆ "ਵਿਸਮਾਦ ਨਾਦ" ਨਾਮ ਸੰਗਤਾਂ ਨੇ ਜੈਕਾਰਾ ਬੁਲਾ ਕੇ ਬਾਬਾ ਸੁੱਚਾ ਸਿੰਘ ਜੀ ਦੀ ਹਾਜ਼ਰੀ ਵਿੱਚ ਪ੍ਰਵਾਨ ਕੀਤਾ।

ਇਨ੍ਹਾਂ 16 ਕੈਸਿਟਸ ਵਿੱਚ ਸ਼ਾਮਿਲ ਸ਼ੁੱਧ ਇਕੱਤੀ ਰਾਗਾਂ ਦੀ ਜਾਣ ਪਛਾਣ ਸੰਗੀਤ ਮਾਰਤੰਡ ਉਸਤਾਦ ਜਸਵੰਤ ਸਿੰਘ ਭੰਵਰਾ ਜੀ ਨੇ ਰਿਕਾਰਡ ਕਰਵਾਈ।

ਮੁੱਢਲੇ ਯਤਨ ਸੱਚੇ-ਸੁੱਚੇ ਹੋਣ ਕਾਰਨ ਬਰਕਤ ਪਈ ਅਤੇ 16 ਕੈਸਿਟਸ ਦਾ ਸੈੱਟ ਹੱਥੋ ਹੱਥੀ ਘਰੋ ਘਰੀਂ ਪੁੱਜ ਗਿਆ। 16 ਕੈਸਿਟਸ ਦੇ ਇਸ ਸੈੱਟ ਨੂੰ ਕਾਫ਼ਲੇ ਦੀ ਸ਼ਕਲ 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ

ਜਾ ਕੇ ਸੰਤ ਬਾਬਾ ਸੁੱਚਾ ਸਿੰਘ ਜੀ, ਉਸਤਾਦ ਜਸਵੰਤ ਭੰਵਰਾ, ਪ੍ਰੋ: ਕਰਤਾਰ ਸਿੰਘ ਤੇ ਹੋਰ ਮਹੱਤਵਪੂਰਨ ਸਹਿਯੋਗੀਆਂ ਦੀ ਹਾਜ਼ਰੀ 'ਚ ਮੇਰੇ ਸਮੇਤ ਮੱਥਾ ਟੇਕਿਆ।

ਮੈਂ ਵੀ ਰਿਸ਼ਤੇਦਾਰਾਂ, ਸੱਜਣਾਂ ਪਿਆਰਿਆਂ ਨੂੰ ਇਨ੍ਹਾਂ ਕੈਸਿਟਸ ਦੇ ਸੈੱਟ ਵਿੱਕਰੀ ਹਿਤ ਵੰਡੇ। ਇੱਕ ਸੈੱਟ ਵੀਰ ਤੇਜ ਪ੍ਰਤਾਪ ਸਿੰਘ ਸੰਧੂ ਪਰਿਵਾਰ ਨੂੰ ਸੌਂਪਿਆ, ਉਸੇ ਦਾ ਹੀ ਪ੍ਰਤਾਪ ਹੈ ਕਿ ਸਚਿਤਰ ਪੁਸਤਕ 'ਰਾਗ ਰਤਨ' ਦੀ ਸਿਰਜਣਾ ਹੋਈ।

ਸੰਤ ਬਾਬਾ ਸੁੱਚਾ ਸਿੰਘ ਜੀ ਤਾਂ 27 ਅਗਸਤ 2002 ਨੂੰ ਗੁਰਪੁਰੀ ਪਿਆਨਾ ਕਰ ਗਏ ਪਰ ਸਾਨੂੰ ਸਾਨੂੰ ਅਨਮੋਲ ਪੂੰਜੀ ਸੰਭਾਲਣ ਦਾ ਫ਼ਰਜ਼ ਨਿਭਾਉਣਾ ਕਹਿ ਗਏ।

ਸਃ ਤੇਜ ਪਰਤਾਪ ਸਿੰਘ ਸੰਧੂ ਨੇ ਇਹ ਵਡਮੁੱਲੀ ਵਿਰਾਸਤ ਆਪਣੇ ਸਾਹੀਂ ਸਵਾਸੀਂ ਰਮਾ ਕੇ ਇਸ ਦਾ ਦ੍ਰਿਸ਼ ਚਿੱਤਰ ਮਨ ਵਿੱਚ ਚਿਤਰਿਆ। ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਕਈ ਕਈ ਦਿਨ ਤੇ ਰਾਤਾਂ ਗੁਜ਼ਾਰ ਕੇ ਵਰ੍ਹਿਆਂ ਬੱਧੀ ਕਠਨ ਤਪੱਸਿਆ ਉਪਰੰਤ ਇਨ੍ਹਾਂ ਤਸਵੀਰਾਂ ਦਾ ਚਿਤਵਨ ਹੋਇਆ। ਸੈਂਕੜੇ ਤਸਵੀਰਾਂ ਵਿੱਚੋਂ ਸਰਵੋਤਮ ਤਸਵੀਰਾਂ ਚੁਣ ਕੇ 'ਰਾਗ ਰਤਨ' ਪੋਥੀ ਦੇ ਰੂਪ ਵਿਚ ਇਹ ਰੂਪ ਨਿੱਖਰਿਆ ਸਰਬਕਾਲ ਵਾਸਤੇ।

ਇਸ ਪੋਥੀ ਦਾ ਪਹਿਲਾ ਸੰਸਕਰਨ ਕੁਝ ਸਮਾਂ ਪਹਿਲਾਂ ਛਪਿਆ ਸੀ। ਇਸ ਦਾ ਅੰਗਰੇਜ਼ੀ ਸੰਸਕਰਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 2017 ਵਿੱਚ ਪ੍ਰਕਾਸ਼ਿਤ ਕੀਤਾ ਸੀ। ਉਦੋਂ ਦੇ ਵਾਈਸ ਚਾਂਸਲਰ ਡਾਃ ਜਸਪਾਲ ਸਿੰਘ ਜੀ ਦੀ ਹਿੰਮਤ ਤੇ ਡਾਃ ਗੁਰਨਾਮ ਸਿੰਘ ਦੀ ਨਿਰੰਤਰ ਦੇਖ ਰੇਖ ਸਦਕਾ ਇਹ ਪੋਥੀ ਛਪ ਕੇ ਹੱਥੋ ਹੱਥੀ ਦੇਸ਼ ਬਦੇਸ਼ ਦੇ ਕਦਰਦਾਨਾਂ ਤੀਕ ਪੁੱਜੀ।

ਹੁਣ ਜਵੱਦੀ ਟਕਸਾਲ ਦੇ ਵਰਤਮਾਨ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਦੀ ਦੂਰ-ਦ੍ਰਿਸ਼ਟੀ ਸਦਕਾ ਇਸ ਪੁਸਤਕ ਦਾ ਦੂਸਰਾ ਸੰਸਕਰਨ ਪਾਠਕਾਂ ਅਤੇ ਗਿਆਨ ਅਭਿਲਾਖੀਆਂ ਲਈ ਪੇਸ਼ ਕੀਤਾ ਗਿਆ ਹੈ।

ਮੈਂ ਨਤਮਸਤਕ ਹਾਂ ਉਸ ਪਵਿੱਤਰ ਵਿਰਾਸਤੀ ਕਾਫ਼ਲੇ ਨੂੰ ,ਜਿਸ ਨੇ 'ਰਾਗ ਰਤਨ' ਪੁਸਤਕ ਦੇ ਵਰਤਮਾਨ ਸਰੂਪ ਤੀਕ ਪੁੱਜਣ ਦਾ ਪੈਂਡਾ ਕੀਤਾ।

ਸਦੀਵਕਾਲੀ ਮਹੱਤਵ ਵਾਲੀ ਇਸ ਮਹਾਨ ਪੇਸ਼ਕਸ਼ ਦਾ ਭਰਪੂਰ ਸੁਆਗਤ ਹੈ।

ਇਸ ਪੋਥੀ ਨੂੰ ਜਵੱਦੀ ਟਕਸਾਲ ਜਵੱਦੀ ਕਲਾਂ(ਲੁਧਿਆਣਾ) ਵਿਖੇ 4ਦਸੰਬਰ ਦੁਪਹਿਰੇ ਡਾਃ ਸ ਸ ਜੌਹਲ, ਅਨੁਰਾਗ ਸਿੰਘ, ਰਣਜੋਧ ਸਿੰਘ, ਸੰਤ ਅਮੀਰ ਸਿੰਘ ਤੇ ਸਾਥੀਆਂ ਨੇ ਸੰਗਤ ਅਰਪਣ ਕਰ ਦਿੱਤਾ ਹੈ। 7,8,9 ਤੇ 10 ਦਸੰਬਰ ਨੂੰ ਜਵੱਦੀ ਟਕਸਾਲ ਵਿਖੇ ਇਹ ਪੁਸਤਕ ਦਫ਼ਤਰ ਵਿੱਚੋਂ ਬੇਨਤੀ ਉਪਰੰਤ ਮਿਲ ਸਕੇਗੀ। ਇਸ ਵੱਡ ਆਕਾਰੀ ਸਚਿਤਰ ਪੁਸਤਕ ਦੀ ਕੀਮਤ ਨਹੀਂ ਰੱਖੀ ਗਈ ਪਰ ਕਦਰਦਾਨਾਂ ਤੇ ਸੰਸਥਾਵਾਂ ਨੂੰ ਜ਼ਰੂਰ ਭੇਟ ਕੀਤੀ ਜਾਵੇਗੀ।

**ਚੇਅਰਮੈਨ,**
**ਪੰਜਾਬੀ ਲੋਕ ਵਿਰਾਸਤ ਅਕਾਡਮੀ, ਲੁਧਿਆਣਾ।**

## ਜ਼ਰੂਰੀ ਬੇਨਤੀ

ਜੇ ਤੁਹਾਨੂੰ 'ਅਮ੍ਰਿਤ ਕੀਰਤਨ' ਮੈਗਜ਼ੀਨ ਨਹੀਂ ਚਾਹੀਦਾ ਤਾਂ ਸਾਨੂੰ ਮੋਬਾਇਲ ਨੰ: 9855640630 ਤੇ ਸੂਚਿਤ ਕਰੋ ਜੀ ।

ਜੀਵਨ-ਰਿਸ਼ਮਾਂ:1

# ਹਰ ਪਲ ਕਾਇਮ ਰਹੇ ਜੀਵਨ ਦੀ ਅਨਮੋਲਤਾ ਦਾ ਅਹਿਸਾਸ!

**ਡਾ.ਚਮਕੌਰ ਸਿੰਘ**

ਕਾਦਰ ਦੀ ਸਾਜੀ ਕੁਦਰਤ ਦਾ ਇਕ ਵਿਸਮਾਦੀ ਵਰਤਾਰਾ ਹੈ - ਜੀਵਨ! ਬ੍ਰਹਿਮੰਡੀ ਵਰਤਾਰੇ ਵਿਚ ਕਾਦਰ ਵੱਲੋਂ ਇਹ 'ਜੀਵਨ', ਧਰਤੀ ਲਈ ਇਕ ਬੇਸ਼ਕੀਮਤੀ ਤੋਹਫਾ ਹੈ; ਬਖਸ਼ਿਸ਼ ਹੈ। ਇਹ ਜੀਵਨ ਕੀ ਹੈ? ਇਸ ਬਾਰੇ ਅਣਗਿਣਤ ਗਿਆਨੀਆਂ, ਵਿਗਿਆਨੀਆਂ ਅਤੇ ਬ੍ਰਹਮਗਿਆਨੀਆਂ ਨੇ ਆਪੋ ਆਪਣੀ ਸਮਝ-ਸਮਰੱਥਾ ਮੁਤਾਬਿਕ ਕਿਆਸ/ਦਾਅਵੇ, ਪਰਿਕਲਪਨਾਵਾਂ ਅਤੇ ਸਿਧਾਂਤ ਪੇਸ਼ ਕੀਤੇ ਹਨ। ਜੀਵਾਂ ਦੇ ਦ੍ਰਿਸ਼ਟਮਾਨ ਸਰੀਰਕ ਢਾਂਚਿਆਂ/ਦੇਹਾਂ ਅੰਦਰ ਪ੍ਰਾਣਾਂ ਦੀ ਨਿਰੰਤਰ ਗਤੀਸ਼ੀਲਤਾ ਨੂੰ ਜੀਵਨ ਦਾ ਨਾਮ ਦਿੱਤਾ ਜਾਂਦਾ ਹੈ। ਇਸ ਗਤੀਸ਼ੀਲਤਾ ਸਦਕਾ ਹੀ ਚੇਤਨਤਾ, ਤਬਦੀਲੀ, ਨਵਾਂਪਣ ਅਤੇ ਨਿਰੰਤਰਤਾ - ਜੀਵਨ ਦੇ ਕੁਝ ਹੋਰ ਅਹਿਮ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ। ਜਣਨਸ਼ੀਲਤਾ, ਵਧਣਸ਼ੀਲਤਾ, ਕਾਰਜਸ਼ੀਲਤਾ ਅਤੇ ਪੁਨਰ-ਉਤਪਤੀ ਦੇ ਬੇਅੰਤ ਗੁਣਾਂ, ਸ਼ਕਤੀਆਂ ਤੇ ਸਮਰੱਥਾਵਾਂ ਨਾਲ ਭਰਪੂਰ ਹੈ - ਇਹ ਜੀਵਨ। ਜੀਵਨ ਜਿਉਣ ਦਾ ਅਰਥ ਹੈ - ਹਰ ਪਲ, ਹਰ ਖਿਣ, ਤਬਦੀਲੀ ਅਤੇ ਨਵੇਂਪਣ ਦੀ ਸਹਜ ਪ੍ਰਕਿਰਿਆ ਵਿਚੋਂ ਗੁਜ਼ਰਦੇ ਹੋਇਆਂ ਭਰਪੂਰ ਵਿਕਾਸ ਦੀ ਦਿਸ਼ਾ ਵੱਲ ਨਿਰੰਤਰ ਅੱਗੇ ਵਧਦੇ ਰਹਿਣਾ। ਨਾ ਕੋਈ ਰੋਕ ਨਾ ਰੁਕਾਵਟ; ਨਾ ਕੋਈ ਆਲਸ ਨਾ ਥਕਾਵਟ; ਨਾ ਵਿਹਲ ਨਾ ਆਰਾਮ; ਬਸ ਚਲਦੀ ਦਾ ਨਾਮ ਹੈ - ਜੀਵਨ!

ਮਨੁੱਖੀ ਜੀਵਨ ਦੀ ਗੱਲ ਕਰੀਏ ਤਾਂ ਭਾਰਤੀ ਧਰਮਗ੍ਰੰਥਾਂ ਤੋਂ ਪਤਾ ਚਲਦਾ ਹੈ ਕਿ ਇਹ ਚੌਰਾਸੀ ਲੱਖ ਜੂਨਾਂ (ਜੀਵ-ਸ਼੍ਰੇਣੀਆਂ) ਦੇ ਲੰਮੇਰੇ ਵਿਕਾਸ-ਚੱਕਰ ਵਿਚੋਂ ਗੁਜ਼ਰ ਕੇ ਨਸੀਬ (ਵਿਕਸਿਤ) ਹੋਇਆ ਹੈ। ਵਿਵੇਕਸ਼ੀਲ ਦ੍ਰਿਸ਼ਟੀ ਨਾਲ ਗ੍ਰਹਿਣ ਕਰੀਏ ਤਾਂ ਜੀਵ-ਜੰਤੂਆਂ ਅਤੇ ਬਨਸਪਤੀ ਦੀ ਉਤਪਤੀ ਅਤੇ ਵਿਕਾਸ ਬਾਰੇ ਪ੍ਰਸਿੱਧ ਜੀਵ-ਵਿਗਿਆਨੀ ਡਾਰਵਿਨ ਦਾ ਕ੍ਰਮ-ਵਿਕਾਸੀ ਸਿਧਾਂਤ, ਇਸ ਭਾਰਤੀ ਵਿਸ਼ਵਾਸ-ਪਰੰਪਰਾ ਨਾਲ ਮੇਲ ਖਾਂਦਾ ਪ੍ਰਤੀਤ ਹੁੰਦਾ ਹੈ। ਕੁਦਰਤ ਦੇ ਵਰਤਾਰੇ ਵਿਚ ਪੈਦਾ ਹੋਈਆਂ ਕੁੱਲ ਚੀਜ਼ਾਂ ਵਿਚੋਂ ਅਤੀ ਉਤਮ, ਸੁੰਦਰ ਸਿਰਜਨਾ ਹੈ ਮਨੁੱਖ! ਕਾਦਰ ਨੇ ਪੂਰੀ ਰੀਝ, ਪ੍ਰੇਮ ਅਤੇ ਸਾਧਨਾ ਨਾਲ ਬਣਾਇਆ ਹੈ ਇਹ ਮਨੁੱਖ! ਅਸ਼ਰਫ-ਉਲ-ਮਖਲੂਕਾਤ! ਧਰਤੀ ਉਤੇ ਸਾਰੀਆਂ ਜੀਵ-ਸ਼੍ਰੇਣੀਆਂ ਦਾ ਸਰਦਾਰ!

ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ (ਗੁਰੂ ਗ੍ਰੰਥ ਸਾਹਿਬ, ਪੰਨਾ 374)

ਰੂਹਾਨੀ ਮਹਾਂਪੁਰਸ਼ਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਇਸ ਮਨੁੱਖੀ ਜੀਵਨ ਦੇ ਬੇਹੱਦ ਅਨਮੋਲ ਹੋਣ ਦਾ ਅਹਿਸਾਸ ਵਾਰ ਵਾਰ ਦ੍ਰਿੜ੍ਹ ਕਰਵਾਇਆ ਹੈ। ਰੂਹਾਨੀ ਪ੍ਰਵਚਨਾਂ ਦਾ ਉਦੇਸ਼ ਹੀ ਮਨੁੱਖ ਨੂੰ ਜੀਵਨ ਦੀ ਅਨਮੋਲਤਾ ਦਾ ਸੰਜੀਦਾ ਅਹਿਸਾਸ ਕਰਵਾ ਕੇ ਵਧੀਆ-ਬਿਹਤਰ ਜ਼ਿੰਦਗੀ ਜਿਉਣ ਲਈ ਸਹੀ ਮਾਰਗ-ਦਰਸ਼ਨ ਕਰਨਾ ਹੈ। ਇਨ੍ਹਾਂ ਪ੍ਰਵਚਨਾਂ ਨੇ ਅਨਮੋਲ ਮਨੁੱਖੀ ਜੀਵਨ ਨੂੰ ਸਾਰਥਕ, ਸੁਚੱਜਾ ਅਤੇ ਆਨੰਦ ਭਰਪੂਰ ਬਣਾਉਣ ਲਈ ਵਿਕਾਸ ਤੇ ਵਿਗਾਸ (ਖੇੜੇ ਜਾਂ ਖੁਸ਼ਹਾਲੀ) ਵੱਲ ਤੋਰਨ ਵਾਲੇ ਵਿਭਿੰਨ ਰਸਤਿਆਂ, ਭਾਵ ਧਰਮਪੰਥਾਂ ਨੂੰ ਸਿਰਜਣ ਅਤੇ ਰੌਸ਼ਨ ਕਰਨ ਦਾ ਕੰਮ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੱਖੋ ਵੱਖ ਭੂਗੋਲਿਕ-ਸੱਭਿਆਚਾਰਕ ਪਿਛੋਕੜਾਂ ਵਾਲੇ ਬਾਣੀਕਾਰਾਂ ਨੇ ਮਨੁੱਖੀ ਜੀਵਨ ਨੂੰ ਦੁਰਲੱਭ ਅਤੇ ਹੀਰੇ ਵਰਗਾ ਬੇਸ਼ਕੀਮਤੀ ਪ੍ਰਵਾਨ ਕੀਤਾ ਹੈ। ਗੁਰੂ ਨਾਨਕ ਸਾਹਿਬ ਦੀ ਦ੍ਰਿਸ਼ਟੀ ਵਿਚ ਇਸ ਜੀਵਨ ਨੂੰ ਸਿਰਫ ਖਾਣ-ਸੌਣ ਦੀਆਂ ਕਿਰਿਆਵਾਂ ਵਿਚ ਗ੍ਰਸਤ ਰੱਖਣਾ, ਕੌਡੀਆਂ ਦੇ ਭਾਅ ਅਜਾਈਂ ਗਵਾਉਣ ਵਾਲੀ ਅਗਿਆਨਤਾ-ਭਰੀ ਕਾਰਵਾਈ ਹੈ :

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥

(ਗੁਰੂ ਗ੍ਰੰਥ ਸਾਹਿਬ, ਪੰਨਾ 156)

ਬਾਬਾ ਫਰੀਦ ਜੀ ਜੀਵਨ ਦੀ ਅਹਿਮੀਅਤ ਬਾਰੇ ਸੁਚੇਤ ਕਰਦੇ ਹੋਏ ਹਲੂਣਾ ਦਿੰਦੇ ਹਨ :

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥

(ਗੁਰੂ ਗ੍ਰੰਥ ਸਾਹਿਬ, ਪੰਨਾ 1379)

ਭਗਤ ਕਬੀਰ ਜੀ ਵੀ ਮਨੁੱਖੀ ਜੀਵਨ ਦੀ ਦੁਰਲੱਭਤਾ ਦਾ ਅਹਿਸਾਸ ਜਗਾਉਂਦੇ ਹੋਏ ਝੰਜੋੜਦੇ ਹਨ :

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥ (ਗੁਰੂ ਗ੍ਰੰਥ ਸਾਹਿਬ, ਪੰਨਾ 1366)

ਰੂਹਾਨੀ ਮਹਾਂਪੁਰਸ਼ਾਂ ਦੇ ਪਵਿੱਤਰ ਪ੍ਰਵਚਨਾਂ ਨਾਲ ਸੰਜੋਏ ਧਰਮਗ੍ਰੰਥ, ਜ਼ਿੰਦਗੀ ਦੇ ਇਕ ਇਕ ਪਲ ਨੂੰ ਸਾਰਥਕ ਬਣਾਉਣ ਦੀ ਪ੍ਰੇਰਨਾ ਦਿੰਦੇ ਹਨ। ਧਮਪਦ ਵਿਚ (8:113) ਮਹਾਤਮਾ ਬੁੱਧ ਜੀ ਦਾ ਪ੍ਰਵਚਨ ਹੈ ਕਿ ਆਲਸੀ ਅਤੇ ਉੱਦਮਹੀਣ ਮਨੁੱਖ ਦੇ ਸੌ ਵਰ੍ਹੇ ਦੀ ਜ਼ਿੰਦਗੀ ਨਾਲੋਂ, ਦ੍ਰਿੜ੍ਹ ਵਿਚਾਰਾਂ ਵਾਲੇ ਉੱਦਮੀ ਬੰਦੇ ਦਾ ਇਕ ਦਿਨ ਦਾ ਜਿਉਣਾ ਬਿਹਤਰ ਹੈ। ਐਤਰਯ ਉਪਨਿਸ਼ਦ (2:3) ਵਿਚ ਮਨੁੱਖ ਦੇ ਸੁੰਦਰ ਸਰੀਰ ਨੂੰ ਦੇਵਤਿਆਂ ਦਾ ਨਿਵਾਸ-ਸਥਾਨ ਦੱਸਿਆ ਗਿਆ ਹੈ ਜਿਸ ਵਿਚ ਪਵਨ, ਪਾਣੀ, ਅਗਨੀ, ਸੂਰਜ, ਚੰਦਰਮਾ ਸਮੇਤ ਵਿਭਿੰਨ ਦੇਵ ਵੱਖ ਵੱਖ ਅੰਗਾਂ ਰਾਹੀਂ ਗ੍ਰਹਿ-ਪ੍ਰਵੇਸ਼ ਕਰਦੇ ਹਨ। ਜਦ ਪਰਮ ਆਤਮਾ ਨੇ ਦੇਵਤਿਆਂ ਦੇ ਨਿਵਾਸ ਲਈ ਮਨੁੱਖ ਨੂੰ ਸਾਜ ਦਿੱਤਾ ਤਾਂ ਦੇਵਤੇ, ਸੰਸਾਰ ਦੀ ਇਸ ਉਤਕ੍ਰਿਸ਼ਟ ਸਿਰਜਨਾ ਨੂੰ ਦੇਖਦੇ ਸਾਰ ਅਸ਼ ਅਸ਼ ਕਰ ਉਠੇ, ''ਇਹ ਬਹੁਤ ਸੁੰਦਰ ਬਣਾਇਆ ਹੈ !''

ਪਵਿਤਰ ਕੁਰਾਨ ਵਿਚ ਚੰਗਾ ਜੀਵਨ ਜਿਉਣ ਦੀ ਪ੍ਰੇਰਨਾ ਦੇਣ ਲਈ ਸੁੰਦਰ ਮਨੁੱਖੀ ਵਜੂਦ ਦੇ ਸਿਰਜਨਹਾਰ ਅਤੇ ਪਾਲਣਹਾਰ-ਰਿਜ਼ਕਦਾਤੇ ਅੱਲਾਹ ਦੀਆਂ ਦਾਤਾਂ-ਬਰਕਤਾਂ ਲਈ ਹਮੇਸ਼ਾ ਉਸ ਦੇ ਸ਼ੁਕਰਗੁਜ਼ਾਰ ਬਣੇ ਰਹਿਣ ਦੇ ਪੈਗਾਮ ਥਾਂ-ਪਰ-ਥਾਂ ਦਰਜ ਹਨ। ਇਕ ਥਾਂ (ਸੂਰਤ ਅਲ ਮੋਮਿਨ, 40:64) ਲਿਖਿਆ ਹੈ ਕਿ ਉਹ ਅੱਲਾਹ ਹੀ ਤਾਂ ਹੈ ਜਿਸ ਨੇ ਧਰਤੀ ਨੂੰ ਤੁਹਾਡੇ ਲਈ ਰਹਿਣਯੋਗ ਜਗ੍ਹਾ ਬਣਾਇਆ ਅਤੇ ਉਪਰ ਅਕਾਸ਼ ਦਾ ਗੁੰਬਦ ਬਣਾ ਦਿੱਤਾ; ਜਿਸ ਨੇ ਤੁਹਾਡੀ ਬਹੁਤ ਸੋਹਣੀ ਸ਼ਕਲ-ਸੂਰਤ ਬਣਾਈ; ਜਿਸ ਨੇ ਤੁਹਾਨੂੰ ਸੋਹਣੀਆਂ (ਸਾਫ-ਸੁਥਰੀਆਂ) ਚੀਜ਼ਾਂ ਦਾ ਰਿਜ਼ਕ ਦਿੱਤਾ। ... ਤੁਸੀਂ ਉਸ ਦੀ ਇਬਾਦਤ ਕਰੋ !

ਯਹੂਦੀ ਬਾਈਬਲ ਤੌਰੇਤ (ਜੈਨੇਸਿਸ, 1:26-27) ਅਨੁਸਾਰ ਪ੍ਰਭੂ ਦੀ ਇੱਛਾ ਹੋਈ ਕਿ ਮੈਂ ਮਨੁੱਖ ਨੂੰ ਆਪਣੇ ਸਰੂਪ ਵਰਗਾ ਹੀ ਬਣਾਵਾਂ ਅਤੇ ਫਿਰ ਸਮੁੰਦਰ ਦੀਆਂ ਮੱਛੀਆਂ, ਅਕਾਸ਼ ਵਿਚ ਉਡਣ ਵਾਲੇ ਪੰਛੀਆਂ, ਪਸ਼ੂਆਂ, ਧਰਤੀ ਉਤੇ ਰੀਂਗਣ ਵਾਲੇ ਸਾਰੇ ਜੀਵ-ਜੰਤੂਆਂ ਉਤੇ ਉਸ ਦੀ ਹਕੂਮਤ ਕਾਇਮ ਕਰਾਂ। ਸੋ ਪ੍ਰਭੂ ਨੇ ਮਨੁੱਖ ਨੂੰ ਆਪਣੇ ਹੀ ਸਰੂਪ ਵਰਗਾ ਪੈਦਾ ਕੀਤਾ। ਇਸਾਈ ਬਾਈਬਲ ਇੰਜੀਲ (ਕੁਰਿੰਥੀਆਂ ਨੂੰ ਪੌਲੁਸ ਦਾ ਪਹਿਲਾ ਪੱਤਰ, 3:16) ਦਾ ਬੇਹੱਦ ਖੂਬਸੂਰਤ ਸੰਦੇਸ਼ ਹੈ - ਕੀ ਤੁਸੀਂ ਇਹ ਨਹੀਂ ਜਾਣਦੇ ਕਿ ਤੁਸੀਂ ਪ੍ਰਭੂ ਦਾ ਮੰਦਰ ਹੋ ਅਤੇ ਪ੍ਰਭੂ ਦੀ ਆਤਮਾ ਤੁਹਾਡੇ ਅੰਦਰ ਵਸਦੀ ਹੈ?

ਧਾਰਮਿਕ ਰਹਿਬਰਾਂ ਨੇ ਜਿਸ ਸੁੰਦਰ ਮਨੁੱਖੀ ਸਰੀਰ ਨੂੰ ਰੱਬ ਦਾ ਪਵਿੱਤਰ ਮੰਦਰ ਦੱਸਿਆ ਹੈ; ਅਸੀਂ ਬਹੁਗਿਣਤੀ ਇਸ ਨਾਲ ਆਪਣੀ ਨਿੱਜੀ ਜਾਗੀਰ ਵਾਂਗੂ (ਦੁਰ-) ਵਿਵਹਾਰ ਕਰਦੇ ਹਾਂ। ਅਗਰ ਇਸ ਦੀ ਸਾਂਭ-ਸੰਭਾਲ, ਰੱਬ ਦਾ ਮੰਦਰ ਸਮਝ ਕੇ ਕੀਤੀ ਜਾਵੇ ਤਾਂ ਜੀਵਨ ਪ੍ਰਤੀ ਸਾਡਾ ਨਜ਼ਰੀਆ ਹੀ ਬਦਲ ਜਾਵੇਗਾ; ਜ਼ਿੰਦਗੀ ਜਿਉਣ ਦੇ ਢੰਗ-ਤਰੀਕੇ ਬਦਲ ਜਾਣਗੇ। ਜਦ ਮੇਰਾ ਆਪਣਾ ਕੁਝ ਵੀ ਨਾ ਰਿਹਾ, ਸਭ ਕੁਝ ਰੱਬ ਦਾ ਹੋ ਗਿਆ ਅਤੇ ਸਭ ਮਨੁੱਖ ਰੱਬ ਦੇ ਹੋ ਗਏ ਤਾਂ ਸਭ ਕੁਝ ਸਾਂਝਾ ਹੋ ਜਾਵੇਗਾ। ਦੂਜਿਆਂ ਦਾ ਹੱਕ ਮਾਰ ਕੇ ਧਨ-ਦੌਲਤ ਦੇ ਅੰਬਾਰ ਇਕੱਠੇ ਕਰਨ ਵਾਲੀ ਧੱਕੇਸ਼ਾਹ ਅਤੇ ਅਨਿਆਂਕਾਰੀ ਬੀਮਾਰ ਸੋਚ ਦੇ ਅਧਾਰ ਖਤਮ ਹੋ ਜਾਣਗੇ। ਝਗੜੇ-ਝਮੇਲੇ, ਚਿੰਤਾਵਾਂ ਅਤੇ ਤੌਖਲੇ ਖਤਮ ਹੋਣ ਦੀਆਂ ਨਵੀਆਂ ਸੰਭਾਵਨਾਵਾਂ ਜਾਗਣਗੀਆਂ।

ਸਾਡਾ ਜੀਵਨ ਅਨਮੋਲ ਕਿਵੇਂ ਹੈ? ਕੀ ਜੀਵਨ ਦੀ ਕੀਮਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ? ਸਾਨੂੰ ਜੀਵਨ ਦੀ ਅਨਮੋਲਤਾ ਦਾ ਅਹਿਸਾਸ ਕਿਉਂ ਨਹੀਂ ਹੁੰਦਾ? ਇਨ੍ਹਾਂ ਸਵਾਲਾਂ ਦੇ ਜਵਾਬ ਤਲਾਸ਼ਣਾ ਏਨਾ ਸਰਲ, ਸਹਿਲ ਅਤੇ ਸਹਿਜ ਨਹੀਂ, ਜਿੰਨਾ ਮਾਲੂਮ ਪੈਂਦਾ ਹੈ। ਆਮ ਮਨੁੱਖੀ ਮਨ, ਜ਼ਿੰਦਗੀ ਭਰ ਇਸ ਦੀ ਅਨਮੋਲਤਾ ਨੂੰ ਜਾਣਨ ਅਤੇ ਮਾਣਨ ਤੋਂ ਸੱਖਣਾ ਰਹਿੰਦਾ ਹੈ; ਕਦੇ ਵੀ ਗੰਭੀਰ ਨਹੀਂ ਹੁੰਦਾ। ਧਰਮਗ੍ਰੰਥਾਂ ਵਿਚ ਜੀਵਨ ਦੀ ਜਿਸ ਅਨਮੋਲਤਾ ਦਾ ਅਹਿਸਾਸ ਸਾਨੂੰ ਕਰਵਾਇਆ ਗਿਆ ਹੈ, ਉਹ ਅਹਿਸਾਸ ਉਚੇਰੇ ਜੀਵਨ-ਮਨੋਰਥ, ਅਰਥਾਤ ਆਤਮ-ਵਿਗਾਸ ਵੱਲ ਨਿਰੰਤਰ ਕਾਰਜਸ਼ੀਲ ਰੱਖਣ ਵਾਲੀ ਸਵੈ-ਪ੍ਰੇਰਨਾ ਨਾਲ ਭਰਪੂਰ ਹੈ। ਆਤਮ-ਵਿਗਾਸ ਦੀ ਯਾਤਰਾ, ਆਪੇ ਨੂੰ ਪਛਾਣਨ ਤੋਂ ਸ਼ੁਰੂ ਹੋ ਕੇ ਆਪੇ ਨੂੰ ਸੰਵਾਰਨ ਦੀ ਸਖਤ ਮੁਸ਼ੱਕਤ ਭਰੀ ਪ੍ਰਕਿਰਿਆ ਵਿਚੋਂ ਗੁਜ਼ਰਦੀ ਹੈ। ਇਸ ਕਠਿਨ ਮਾਰਗ ਨੂੰ ਗੁਰੂ ਅਮਰਦਾਸ ਜੀ ਨੇ 'ਖੰਨਿਅਹੁ ਤਿਖੀ ਵਾਲਹੁ ਨਿਕੀ' ਕਿਹਾ ਹੈ।

ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਿਚਾਰੀਏ ਤਾਂ ਧਰਤੀ ਤੋਂ ਇਲਾਵਾ, ਸੂਰਜ, ਚੰਦ, ਤਾਰਿਆਂ ਸਮੇਤ ਅਣਗਿਣਤ ਗ੍ਰਹਿ, ਆਪੋ-ਆਪਣੇ ਤਰੀਕਿਆਂ ਨਾਲ ਮਨੁੱਖੀ ਸਰੀਰ ਦੀ ਪਰਵਰਿਸ਼ ਵਿਚ ਨਿਰੰਤਰ ਜੁਟੇ ਹੋਏ ਹਨ, ਜਿਸ ਦਾ ਸਾਨੂੰ ਰੱਤੀ ਭਰ ਵੀ ਅਹਿਸਾਸ ਨਹੀਂ। ਜੀਵਨ ਦੀ ਗਤੀਸ਼ੀਲ ਹੋਂਦ, ਹਵਾ ਦੇ ਬਲਬੂਤੇ ਟਿਕੀ ਹੋਈ ਹੈ। ਧਰਤੀ, ਮਾਤਾ ਦਾ ਰੋਲ ਨਿਭਾ ਰਹੀ ਹੈ; ਪਾਣੀ ਪਿਤਾ ਦਾ। ਦਿਨ-ਰਾਤ ਸਾਡੇ ਖਿਡਾਵੇ ਹਨ। ਗੁਰੂ ਨਾਨਕ ਦੇਵ ਜੀ ਵੱਲੋਂ ਇਸ ਸੱਚ ਦੇ ਖੁਲਾਸੇ ਦਾ ਅਹਿਸਾਸ, ਜਪੁ ਜੀ ਦਾ ਪਾਠ ਕਰਨ/ਸੁਣਨ ਸਮੇਂ ਰੋਜ਼ਾਨਾ ਹੁੰਦਾ ਰਹੇ ਤਾਂ ਇਹ ਸੂਤਰ ਸਾਡੇ ਜੀਵਨ ਨੂੰ ਬਦਲਣ ਲਈ ਅੰਮ੍ਰਿਤਮਈ ਪ੍ਰੇਰਕ ਸਿੱਧ ਹੋ ਸਕਦਾ ਹੈ :

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ (ਗੁਰੂ ਗ੍ਰੰਥ ਸਾਹਿਬ, ਪੰਨਾ 8)

ਮੁਕਦੀ ਗੱਲ, ਇਸ ਬੇਸ਼ਕੀਮਤੀ ਸਰੀਰ ਨੂੰ ਬਣਾਉਣ/ਸੰਚਾਲਤ ਰੱਖਣ ਲਈ, ਇਕ ਸਹਿਜ-ਪ੍ਰਕਿਰਿਆ ਦੇ ਅੰਤਰਗਤ ਪੂਰੇ ਬ੍ਰਹਿਮੰਡ ਦੀਆਂ ਸ਼ਕਤੀਆਂ ਕਾਰਜਸ਼ੀਲ ਹਨ। ਬਿਜ਼ਨਸ ਦੇ ਨਜ਼ਰੀਏ ਤੋਂ ਸੋਚੀਏ ਤਾਂ ਕਿਸੇ ਉਦਯੋਗਿਕ ਕੰਪਨੀ ਵੱਲੋਂ ਸਰੀਰ ਵਰਗੇ ਪ੍ਰੋਡਕਟ ਦੀ ਪ੍ਰੋਡਕਸ਼ਨ ਕੀਮਤ ਕਿੰਨੀ ਹੋਵੇਗੀ? ਸ਼ਾਇਦ ਅਸੀਂ ਅੰਦਾਜ਼ਾ ਵੀ ਨਾ ਲਗਾ ਸਕੀਏ। ਇਕ ਇਕ ਅੰਗ ਨੂੰ ਬਣਾਉਣ ਦੀ ਫੈਕਟਰੀ ਕੀਮਤ ਬਾਰੇ ਕਿਆਸ ਕਰਨ ਲੱਗੀਏ ਤਾਂ ਸਾਡੇ ਦਿਮਾਗ ਚਕਰਾ ਜਾਣਗੇ! ਦਿਲ, ਦਿਮਾਗ, ਅੱਖਾਂ, ਫੇਫੜੇ, ਜਿਗਰ, ਗੁਰਦਿਆਂ ਤੋਂ ਇਲਾਵਾ ਬਣਾਉਟੀ ਅੰਗਾਂ – ਹੱਥ, ਪੈਰ, ਲੱਤ, ਬਾਂਹ, ਗੋਡੇ ਆਦਿ ਦੀਆਂ ਘੱਟੋ ਘੱਟ ਤੈਅਸ਼ੁਦਾ ਮੈਡੀਕਲ ਕੀਮਤਾਂ ਦਾ ਅੰਦਾਜ਼ਾ ਦਿਮਾਗ ਦੇ ਕਪਾਟ ਖੋਲ੍ਹ ਕੇ ਰੱਖ ਦੇਵੇਗਾ। ਦੁਨੀਆ ਦਾ ਕੋਈ ਵੀ ਅਮੀਰ, ਕੇਵਲ ਇਕ ਮਨੁੱਖ ਦੇ ਪੂਰੇ ਸਰੀਰ ਨੂੰ ਅਰਬਾਂ-ਖਰਬਾਂ ਰੁਪਏ ਅਦਾ ਕਰਕੇ ਵੀ ਖਰੀਦਣ ਦੇ ਸਮਰੱਥ ਨਹੀਂ। ਜੀਵਨ-ਬੀਮਾ ਕੰਪਨੀਆਂ ਵੱਲੋਂ ਮਨੁੱਖੀ ਜੀਵਨ ਅਤੇ ਹਸਪਤਾਲਾਂ ਵੱਲੋਂ ਮਨੁੱਖੀ ਅੰਗਾਂ ਦੀਆਂ ਤੈਅ ਨਿਗੂਣੀਆਂ ਕੀਮਤਾਂ ਤਾਂ ਨਿਰੋਲ ਮਜ਼ਾਕ ਅਤੇ ਹਾਸੋਹੀਣੀ ਕਿਰਿਆ ਮਾਲੂਮ ਪੈਂਦੀ ਹੈ।

ਮੈਡੀਕਲ ਦ੍ਰਿਸ਼ਟੀ ਤੋਂ ਮਨੁੱਖ ਦਾ ਕੇਵਲ ਸਰੀਰ ਹੀ ਏਨਾ ਅਨਮੋਲ ਹੈ ਤਾਂ ਇਸ ਵਿਚ ਬਿਰਾਜਮਾਨ ਸ਼ਕਤੀਸ਼ਾਲੀ ਮਨ ਦੀ ਕੀਮਤ ਕਿੰਨੀ ਹੋਵੇਗੀ! ਇਸ ਬਾਰੇ ਸ਼ਾਇਦ ਸੀਮਤ ਮੈਡੀਕਲ ਬੁੱਧੀ ਦੇ ਸਾਰੇ ਅੰਦਾਜ਼ੇ, ਫਜ਼ੂਲ ਅਤੇ ਅਸਫਲ ਸਿੱਧ ਹੋਣਗੇ। ਪਰੰਤੂ ਅਸੀਂ ਸਾਰੀ ਉਮਰ ਆਪਣੇ ਜੀਵਨ ਦੀ ਅਹਿਮੀਅਤ ਬਾਰੇ ਹਮੇਸ਼ਾ ਅਵੇਸਲੇ ਅਤੇ ਲਾਪਰਵਾਹ ਰਹਿੰਦੇ ਹਾਂ। ਇਥੋਂ ਤਕ ਕਿ ਸਾਨੂੰ ਤੇਜ਼ੀ ਨਾਲ ਅਜਾਈਂ ਬੀਤ ਰਹੇ ਕੀਮਤੀ ਸਮੇਂ ਦਾ ਅਹਿਸਾਸ ਵੀ ਨਹੀਂ ਰਹਿੰਦਾ ਕਿ ਕਿਹੜੇ ਕਿਹੜੇ ਫਾਲਤੂ ਕੰਮਾਂ ਵਿਚ ਸਮਾਂ ਅਜਾਈਂ ਗਵਾ ਰਹੇ ਹਾਂ ਅਸੀਂ? ਫਜ਼ੂਲ ਕੰਮਾਂ ਅਤੇ ਝਗੜੇ-ਝਮੇਲਿਆਂ ਵਿਚ ਉਲਝ ਕੇ ਆਪਣੇ ਅਨਮੋਲ ਜੀਵਨ ਦੀ ਕਿੰਨੀ ਬੇਕਦਰੀ ਕਰਦੇ ਹਾਂ ਅਸੀਂ? ਸਿੱਖਣ-ਸਿਖਾਉਣ ਦੀ ਮਨਸ਼ਾ ਤੋਂ ਵਿਹੂਣੀਆਂ ਜੀਵਨ-ਕਿਰਿਆਵਾਂ ਅਤੇ ਗਤੀਵਿਧੀਆਂ, ਮੁੱਲਵਾਨ ਮਾਨਵੀ ਜੀਵਨ ਦੀ ਸਾਰਥਕ ਵਰਤੋਂ ਉਤੇ ਵੱਡੇ ਪ੍ਰਸ਼ਨਚਿੰਨ੍ਹ ਖੜ੍ਹੇ ਕਰਦੀਆਂ ਹਨ।

ਸੰਸਾਰ ਵਿਚ ਪਰਿਵਾਰਾਂ ਤੋਂ ਲੈ ਕੇ ਸਰਕਾਰਾਂ ਤਕ ਫਜ਼ੂਲ ਦੇ ਝਗੜੇ-ਝਮੇਲੇ, ਵਾਦ-ਵਿਵਾਦ, ਚਿੰਤਾਵਾਂ, ਫਿਕਰ, ਤੌਖਲੇ, ਦੂਜਿਆਂ ਦੀ ਬੁਰਾਈ, ਘਟੀਆ ਸੋਚ, ਨਿੰਦਾ-ਚੁਗਲੀ – ਸਭ ਮਨੁੱਖ ਦੇ ਆਪਣੇ ਹੱਥੋਂ ਮਨੁੱਖੀ ਜੀਵਨ ਦੀ ਬਰਬਾਦੀ ਦੇ ਪੁਖਤਾ ਪ੍ਰਮਾਣ ਹਨ। ਕਤਲ, ਆਤਮ-ਹੱਤਿਆਵਾਂ, ਬੀਮਾਰੀਆਂ, ਐਕਸੀਡੈਂਟ, ਮਨੁੱਖੀ ਤਸਕਰੀ ਅਤੇ ਬੰਧੂਆ ਮਜ਼ਦੂਰੀ, ਸਭ ਕਿਰਿਆਵਾਂ ਮਾਨਵੀ ਜੀਵਨ ਦੀ ਬੇਕਦਰੀ ਅਤੇ ਤੌਹੀਨ ਦੀਆਂ ਕਰੂਰ ਮਿਸਾਲਾਂ ਹਨ। ਲੋੜ ਤੋਂ ਵਧੇਰੇ ਸੌਣਾ, ਖਾਣ ਲਈ ਜਿਉਣਾ, ਵਿਹਲੜਪੁਣਾ, ਆਲਸਪੁਣਾ, ਸੁੱਚੀ ਕਿਰਤ ਤੋਂ ਕੰਨੀ ਕਤਰਾਉਣਾ, ਧਨ-ਦੌਲਤ ਕਮਾਉਣ ਜਾਂ ਜਮ੍ਹਾਂ ਕਰਨ ਦੇ ਆਹਰ ਵਿਚ ਖੱਚਿਤ ਰਹਿਣਾ, ਇਹ ਸਭ ਮਨੁੱਖੀ ਜੀਵਨ ਦੀ ਘੋਰ ਬੇਕਦਰੀ ਹੀ ਤਾਂ ਹੈ। ਜੇ ਅਸੀਂ ਸੁਚੇਤ ਹੋ ਕੇ ਹਰ ਪਲ ਆਪਣੇ ਜੀਵਨ ਦੀ ਅਨਮੋਲਤਾ ਦੇ ਭਰਪੂਰ ਅਹਿਸਾਸ ਨਾਲ, ਆਪੇ ਨੂੰ ਸੰਵਾਰਨ-ਸੁਧਾਰਨ ਵੱਲ ਸੇਧਿਤ ਰਹੀਏ ਤਾਂ ਸਾਡੇ ਜੀਵਨ ਦੇ ਸ਼ਾਂਤਮਈ ਤੇ ਆਨੰਦਮਈ ਬਤੀਤ ਹੋਣ ਦੀਆਂ ਬੇਅੰਤ ਸੰਭਾਵਨਾਵਾਂ ਹਮੇਸ਼ਾ ਰੌਸ਼ਨ ਹਨ!

* * * * *

**ਟੌਹੜਾ ਇੰਸਟੀਚਿਊਟ, ਬਹਾਦਰਗੜ੍ਹ (ਪਟਿਆਲਾ)**
**chamkaursingh11@gmail.com**

# Kirtan in Sikhism: An Exploration

**Dr Jasbir Singh Sarna**

Kirtan, a fundamental element of Sikh religious and cultural life, holds profound significance in the Sikh tradition. This scholarly discourse delves into the multifaceted dimensions of Kirtan within Sikhism, its spiritual and cultural importance, and the challenges it faces in contemporary time. Kirtan, derived from the Guru Granth Sahib, is more than just devotional singing; it represents a sacred congregation and a gateway to divine connection. As per Sikh scripture, engaging in Kirtan purifies the mind, liberates from worldly constraints, and garners divine favor. It is regarded as a potent agent in breaking the cycle of rebirth and alleviating suffering.

Kirtan transcends the spiritual realm by not only serving as a psychosomatic tranquilizer but also addressing para-psychic and meta-physical afflictions. Its ability to dissolve disease, sorrow, and suffering is evident in Sikh belief. Moreover, Kirtan fosters inner peace, happiness, and spiritual elevation.

Kirtan holds a pivotal role in strengthening the bonds of the Sikh Brotherhood. Guru Arjan Dev ji, the compiler of the Guru Granth Sahib, structured sacred hymns based on ragas, emphasizing the aesthetic and communal aspects of Kirtan. Singing hymns together fosters unity and a shared spiritual experience among Sikhs.

A remarkable facet of Sikhism is the musical structure of its holy scripture. Guru Granth Sahib is unique as it is set to music, with hymns organized according to Indian classical ragas. This musicality enhances the emotional resonance of the verses and facilitates a deeper connection with the divine. Guru Granth Sahib is a comprehensive scripture, encompassing contributions from various saints, regardless of their creed or caste. It spans centuries and offers diverse spiritual insights.

While Kirtan remains integral to Sikhism, contemporary challenges loom. The tradition of pure ragas in Kirtan is fading, with a dwindling cadre of musicians. There's a lack of concerted efforts to revive the musical traditions of the Gurus' era. Moreover, the dearth of trained personnel, technical literature, and professional institutions hinders its preservation. Kirtan in Sikhism embodies a rich tapestry of spirituality, culture, and community. Recognizing its profound significance and addressing the contemporary challenges it faces is imperative to preserve this vital aspect of Sikh heritage and identity.

**jbsingh.801@gmail.com**

# ਤਿੰਨ ਤਾਲ: ਕਾਇਦਾ ਸੀਰੀਜ਼
## (ਲਾਹੌਰ ਬਾਜ, ਪੰਜਾਬ ਘਰਾਣਾ)

**ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ**

ਤਬਲਾ ਵਿਦਿਆਰਥੀਆਂ ਲਈ ਲੜੀਵਾਰ ਕਾਇਦਾ ਸੀਰੀਜ਼ ਅਧੀਨ **ਕਾਇਦਾ ਨੰ: 19** ਦੇ ਰਿਹਾਂ ਹਾਂ। ਜਿਸ ਦਾ ਇਜ਼ਾਫ਼ਾ 12 ਬੰਧਾਂ ਰਾਹੀਂ ਕੀਤਾ ਗਿਆ ਹੈ। ਸੱਤ ਬੰਧਾਂ ਤੋਂ ਬਾਅਦ ਪਹਿਲਾ ਮੁਕਾਮ ਹੈ ਅਤੇ ਦੂਜਾ ਮੁਕਾਮ ਅਗਲੇ ਪੰਜ ਬੰਧਾਂ ਤੋਂ ਬਾਅਦ ਹੈ। ਕਾਇਦੇ ਦਾ ਮੂਲ ਬੋਲ ਛੇ ਮਾਤਰਾ ਦਾ ਹੈ, ਛੇ ਮਾਤਰਾ ਦਾ ਹੈ ਅਤੇ ਰਦੀਫ਼ 4 ਮਾਤਰਾ ਦੀ ਹੈ। ਇਸੇ ਤਰ੍ਹਾਂ ਕਾਇਦੇ ਦਾ ਦੂਜਾ ਹਿੱਸਾ ਹੈ ਪਰ ਰਦੀਫ਼ ਦਾ ਬੋਲ ਭਰਿਆ ਹੈ। ਤਿਰਕਿਟ ਦੀ ਤਿਆਰੀ ਦਰਸਾਉਂਦਾ ਇਹ ਪੰਜਾਬ ਘਰਾਣੇ ਦੇ ਖ਼ਾਸ ਕਾਇਦਾ ਹੈ ਜੋ ਬਹੁਤ ਰਿਆਜ਼ ਕਰਨ ਨਾਲ ਸਿੱਧ ਹੁੰਦਾ ਹੈ। ਕਾਇਦੇ ਦੇ ਨਿਕਾਸ ਜਾਂ ਹੋਰ ਜਾਣਕਾਰੀ ਲਈ ਸਿੱਖਿਆਰਥੀ ਮੈਨੂੰ ਫੋਨ ਕਰ ਸਕਦੇ ਹਨ।

**ਨੋਟ:** ਪਿਛਲੀ ਲੜੀ ਜੋੜਨ ਲਈ ਅਪ੍ਰੈਲ 2023 ਦਾ "ਅੰਮ੍ਰਿਤ ਕੀਰਤਨ" ਦੇਖੋ ।

## ਕਾਇਦਾ # 19

ਧਾਤਿਰ ਕਿਟਤਕ ਤਿਰਕਿਟ ਧਾਤਿਰ ਕਿਟਤਕ ਤਿਰਕਿਟ ਧਾੜ ਗਿਨਾ, ਧਾਗੇ ਨਾਧਾ ਟਧਾ ਗੇਨਾ ਘਿਨਾ ਨਗ ਤੀਨਾ ਕਿਨਾ ।
ਤਾਤਿਰ ਕਿਟਤਕ ਤਿਰਕਿਟ ਤਾਤਿਰ ਕਿਟਤਕ ਤਿਰਕਿਟ ਤਾੜ ਕਿਨਾ, ਧਾਗੇਨਾਧਾ ਟਧਾਗੇਨਾ ਘਿਨਾ ਨਗ ਧਿਨਾ ਗਿਨਾ ॥

**ਦੋਹਰਾ :**

ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਤੀਨਾਕਿਨਾ ।
ਤਾਤਿਰਕਿਟਤਕ ਤਿਰਕਿਟਤਾਤਿਰ ਕਿਟਤਕਤਿਰਕਿਟ ਤਾੜਕਿਨਾ, ਤਾਤਿਰਕਿਟਤਕ ਤਿਰਕਿਟਤਾਤਿਰ ਕਿਟਤਕਤਿਰਕਿਟ ਤਾੜਕਿਨਾ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਧਿਨਾਗਿਨਾ ॥

### ਬੰਧ #1

ਧਾਗੇਨਾਧਾ ਟਧਾਗੇਨਾ ਧਾਤਿਰਕਿਟਤਕ ਤਿਰਕਿਟਧਾਤਿਰ, ਕਿਟਤਕਤਿਰਕਿਟ ਧਾੜਗਿਨਾ ਧਾਗੇਨਾਧਾ ਟਧਾਗੇਨਾ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਤੀਨਾਕਿਨਾ ।
ਤਾਕੇਨਾਤਾ ਟਤਾਕੇਨਾ ਤਾਤਿਰਕਿਟਤਕ ਤਿਰਕਿਟਤਾਤਿਰ, ਕਿਟਤਕਤਿਰਕਿਟ ਤਾੜਕਿਨਾ ਤਾਕੇਨਾਤਾ ਟਤਾਕੇਨਾ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਧਿਨਾਗਿਨਾ ॥

### ਬੰਦ # 2

ਧਾਗੇਨਾਧਾ ਟਧਾਗੇਨਾ ਧਾਗੇਨਾਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਤੀਨਾਕਿਨਾ ।
ਤਾਕੇਨਾਤਾ ਟਤਾਕੇਨਾ ਤਾਕੇਨਾਤਾ ਟਤਾਕੇਨਾ, ਤਾਤਿਰਕਿਟਤਕ ਤਿਰਕਿਟਤਾਤਿਰ ਕਿਟਤਕਤਿਰਕਿਟ ਤਾੜਕਿਨਾ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਧਿਨਾਗਿਨਾ ॥

### ਬੰਧ # 3

ਤਿਰਕਿਟਨਕਤਕ ਤਿਰਕਿਟਧਾਟ ਧਾਗੇਨਾਧਾ ਟਧਾਗੇਨਾ, ਤਿਰਕਿਟਨਕਤਕ ਤਿਰਕਿਟਧਾਟ ਧਾਗੇਨਾਧਾ ਟਧਾਗੇਨਾ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਤਿਨਾਕਿਨਾ ।

ਤਿਰਕਿਟਨਕਤਕ ਤਿਰਕਿਟਤਾਟ ਤਾਕੇਨਾਤਾ ਟਤਾਕੇਨਾ, ਤਿਰਕਿਟਨਕਤਕ ਤਿਰਕਿਟਤਾਟ ਤਾਕੇਨਾਤਾ ਟਤਾਕੇਨਾ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਧਿਨਾਗਿਨ ॥

**ਬੰਧ #4**

ਧਾਟਧਾਗੇ ਨਾਧਾਟਧਾ ਗੇਨਾਧਾਤਿਰ ਕਿਟਤਕਤਿਰਕਿਟ, ਧਾਟਧਾਗੇ ਨਾਧਾਟਧਾ ਗੇਨਾਧਾਤਿਰ ਕਿਟਤਕਤਿਰਕਿਟ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ ਧਾਗੇਨਾਧਾ ਟਧਾਗੇਨਾ ਘਿਨਾਨਗ ਤਿਨਾਕਿਨਾ ।
ਤਾਟਤਾਕੇ ਨਾਤਾਟਤਾ ਕੇਨਾਤਾਤਿਰ ਕਿਟਤਕਤਿਰਕਿਟ, ਤਾਟਤਾਕੇ ਨਾਤਾਟਤਾ ਕੇਨਾਤਾਤਿਰ ਕਿਟਤਕਤਿਰਕਿਟ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਧਿਨਾਗਿਨਾ ॥

**ਬੰਧ # 5**

ਧਾਟਧਾਗੇ ਨਾਧਾਟਧਾ ਗੇਨਾਧਾਟ ਧਾਗੇਨਾਧਾ, ਟਧਾਗੇਨਾ ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਤਿਨਾਕਿਨਾ ।
ਤਾਟਤਾਕੇ ਨਾਤਾਟਤਾ ਕੇਨਾਤਾਟ ਤਾਕੇਨਾਤਾ ਟਤਾਕੇਨਾ, ਤਾਤਿਰਕਿਟਤਕ ਤਿਰਕਿਟਤਾਤਿਰ ਕਿਟਤਕਤਿਰਕਿਟ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਧਿਨਾਗਿਨਾ ॥

**ਬੰਧ # 6**

ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ, ਨਕਤਕਤਿਰਕਿਟ ਧਾ--ਤਕ ਤਿਰਕਿਟਧਾ- -ਤਕਤਿਰਕਿਟ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਤਿਨਾਕਿਨਾ ।
ਤਾਤਿਰਕਿਟਤਕ ਤਿਰਕਿਟਤਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ, ਨਕਤਕਤਿਰਕਿਟ ਤਾ—ਤਕ ਤਿਰਕਿਟਤਾ--ਤਕਤਿਰਕਿਟ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਧਿਨਾਗਿਨਾ ॥

**ਬੰਧ #7**

ਧਾਗੇਨਾਧਾ ਟਧਾਗੇਨਾ ਧਾਤਿਰਕਿਟਤਕ ਤਿਰਕਿਟਧਾਤਿਰ, ਕਿਟਤਕਤਿਰਕਿਟ ਧਾ--ਤਕ ਤਿਰਕਿਟ ਧਾ--ਤਕ ਤਿਟਰਕਿਟ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਤਿਨਾਕਿਨਾ ।
ਤਾਕੇਨਾਤਾ ਟਤਾਕੇਨਾ ਤਾਤਿਰਕਿਟਤਕ ਤਿਰਕਿਟਤਾਤਿਰ, ਕਿਟਤਕਤਿਰਕਿਟ ਤਾ--ਤਕ ਤਿਰਕਿਟਤਾ- -ਤਕਤਿਰਕਿਟ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ, ਧਾਗੇਨਾਧਾ ਟਧਾਗੇਨਾ ਘਿਨਾਨਗ ਧਿਨਾਗਿਨਾ ॥

**ਮੁਕਾਮ ਪਹਿਲਾ (ਚਕਰਦਾਰ) :** ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ ਨਕਤਕਤਿਰਕਿਟ ਧਾਟ ਧਾਕਿਟ ਧਾਟ ਧਾਕਿਟ ਧਾਟ ਧਾ- ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ ਨਕਤਕਤਿਰਕਿਟ ਧਾਟ ਧਾਕਿਟ ਧਾਟ ਧਾਕਿਟ ਧਾਟ ਧਾ- ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ ਨਕਤਕਤਿਰਕਿਟ ਧਾਟ ਧਾਕਿਟ ਧਾਟ ਧਾਕਿਟ ਧਾਟ ।ਧਾ-

**ਬੰਧ # 8**

ਧਾ- -- ਧਾਗੇਨਾਧਾ ਟਧਾਗੇਨਾ ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ ਧਾਗੇਨਾਧਾ ਟਧਾਗੇਨਾ ਘਿਨਾਨਗ ਤਿਨਾਕਿਨਾ ।
ਤਾਕੇਨਾਤਾ ਟਤਾਕੇਨਾ ਤਾਕੇਨਾਤਾ ਟਤਾਕੇਨਾ ਤਾਤਿਰਕਿਟਤਕ ਤਿਰਕਿਟਤਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ,

ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ ਧਾਗੇਨਾਧਾਟਧਾਗੇਨਾ ਘਿਨਾਨਗ ਧਿਨਾਗਿਨਾ ॥

**ਬੰਧ # 9**

ਧਾਗੇਨਾਧਾ ਟਧਾਗੇਨਾ ਧਾਗੇਨਾਧਾ ਟਧਾਗੇਨਾ ਤਿਰਕਿਟਨਕਤਕ ਤਿਰਕਿਟਤਕ -ਤਿਰਕਿਟ ਤਕ-,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ ਧਾਗੇਨਾਧਾ ਟਧਾਗੇਨਾ ਘਿਨਾਨਗ ਤਿਨਾਕਿਨਾ ।
ਤਾਕੇਨਾਤਾ ਟਤਾਕੇਨਾ ਤਾਕੇਨਾਤਾ ਟਤਾਕੇਨਾ ਤਿਰਕਿਟਨਕਤਕ ਤਿਰਕਿਟਤਕ -ਤਿਰਕਿਟ ਤਕ-,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ ਧਾਗੇਨਾਧਾ ਟਧਾਗੇਨਾ ਘਿਨਾਨਗ ਧਿਨਾਗਿਨਾ ॥

**ਬੰਧ # 10**

ਤਿਰਕਿਟਤਕ੍ ਤਿਰਕਿਟਤਕ੍ -ਤਿਰਕਿਟ ਤਕ੍ਤਿਰਕਿਟ ਤਕ-੍ ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ ਧਾਗੇਨਾਧਾ ਟਧਾਗੇਨਾ ਘਿਨਾਨਗ ਤਿਨਾਕਿਨਾ ।
ਤਿਰਕਿਟਤਕ੍ ਤਿਰਕਿਟਤਕ੍ -ਤਿਰਕਿਟ ਤਕਤਿਰਕਿਟ ਤਕ੍- ਤਾਕਿਰਕਿਟਤਕ੍ ਤਿਰਕਿਟਤਾਤਿਰ ਕਿਟਤਕਤਿਰਕਿਟ,
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਧਾੜਗਿਨਾ ਧਾਗੇਨਾਧਾ ਟਧਾਗੇਨਾ ਘਿਨਾਨਗ ਧਿਨਾਗਿਨਾ ॥

**ਬੰਧ # 11**

ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ, ਧਾਤਿਰਕਿਟਤਕ ਤਿਰਕਿਟਧਾਤਿਰ
ਕਿਟਤਕਤਿਰਕਿਟ ਨਕਤਕਤਿਰਕਿਟ, ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ,
ਧਾਗੇਨਾਧਾ ਟਧਾਗੇਨਾ ਘਿਨਾਨਗ ਤਿਨਾਕਿਨਾ ।
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ, ਧਾਤਿਰਕਿਟਤਕ ਤਿਰਕਿਟਧਾਤਿਰ
ਕਿਟਤਕਤਿਰਕਿਟ ਨਕਤਕਤਿਰਕਿਟ, ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ,
ਧਾਗੇਨਾਧਾ ਟਧਾਗੇਨਾ ਘਿਨਾਨਗ ਧਿਨਾਗਿਨਾ ॥

**ਬੰਧ # 12**

ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਤਕਤਿਰਕਿਟਤਕ, ਤਿਰਕਿਟਤਕਤਿਰ ਕਿਟਤਕਤਿਰਕਿਟ
ਤਕਤਿਰਕਿਟਤਕ ਤਿਰਕਿਟਤਕਤਿਰ, ਕਿਟਤਕਤਿਰਕਿਟ ਤਕਤਿਰਕਿਟਤਕ ਤਿਰਕਿਟਤਕਤਿਰ ਕਿਟਤਕਤਿਰਕਿਟ
ਧਾਗੇਨਾਧਾ ਟਧਾਟਧਾਗੇਨਾ ਘਿਨਾਨਗ ਤਿਨਾਕਿਨਾ ।
ਧਾਤਿਰਕਿਟਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਤਕਤਿਰਕਿਟਤਕ ਤਿਰਕਿਟਤਕਤਿਰ ਕਿਟਤਕਤਿਰਕਿਟ
ਤਕਤਿਰਕਿਟਤਕ ਤਿਰਕਿਟਤਕਤਿਰ ਕਿਟਤਕਤਿਰਕਿਟ ਤਕਤਿਰਕਿਟਤਕ ਤਿਰਕਿਟਤਕਤਿਰ ਕਿਟਤਕਤਿਰਕਿਟ
ਧਾਗੇਨਾਧਾ ਟਧਾਗੇਨਾ ਘਿਨਾਨਗ ਧਿਨਾਗਿਨਾ ॥

**ਮੁਕਾਮ ਦੂਜਾ (ਚਕਰਦਾਰ) :**

ਤਿਰਕਿਟਨਕਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ ਧਾਟ ਧਾ- ਕਿਟਧਾ ਟਧਾ -ਕਿਟ ਧਾਟ
ਧਾ-, ਤਿਰਕਿਟਨਕਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ ਧਾਟ ਧਾ- ਕਿਟਧਾ ਟਧਾ -ਕਿਟ
ਧਾਟ ਧਾ-,ਸ ਤਿਰਕਿਟਨਕਤਕ ਤਿਰਕਿਟਧਾਤਿਰ ਕਿਟਤਕਤਿਰਕਿਟ ਨਕਤਕਤਿਰਕਿਟ ਧਾਟ ਧਾ- ਕਿਟਧਾ ਟਧਾ -ਕਿਟ ਧਾਟ । ਧਾ-

**# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ**
**ਜਿਲ੍ਹਾ-ਗੁਰਦਾਸਪੁਰ ਪੰਜਾਬ (ਭਾਰਤ) ਫੋਨ- +91-98143 49658**
**Email: harbhajansinghdhariwal@gmail.com**

RNI Regd. No. 46788/89 ISSN 0972-2335

